ਸ਼ਹੀਦ
ਭਾ. ਬੋਤਾ ਸਿੰਘ ਗਰਜਾ ਸਿੰਘ



ਗਿ. ਅਮਰ ਸਿੰਘ

ISBN : 81-7601-267-X

ਸੋਧੀ ਹੋਈ ਨਵੀਂ ਐਡੀਸ਼ਨ ਦਸੰਬਰ 2000

ਭੇਟਾ : 40-00

ਪ੍ਰਕਾਸ਼ਕ:

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਫ਼ੋਨ : (0183) 542346, 547974, 557973

ਫ਼ੈਕਸ : (0183) 542346

E-Mail : csjs@jla.vsnl.net.in

Visit our Website : www.csjs.com

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫ਼ੋਨ : 705003

ਭੇਟਾ !

ਉਹਨਾਂ ਸੂਰਬੀਰ ਬਹਾਦਰਾਂ ਨੂੰ!
ਜਿਨ੍ਹਾਂ ਨੇ ਸਿੱਖੀ ਅਣਖ ਨੂੰ ਕਾਇਮ ਰਖ ਕੇ,
ਆਪਾ ਧਰਮ ਤੋਂ ਕੁਰਬਾਨ ਕੀਤਾ।
ਉਹ ਸੂਰਬੀਰ ਸਦਾ ਲਈ ਅਮਰ ਹੋ ਗਏ।

ਇਸ ਧਾਰਮਿਕ ਪੁਸਤਕ ਵਿਚ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਦੀ ਬਹਾਦਰੀ ਤੇ ਦਲੇਰੀ ਦਾ ਜ਼ਿਕਰ ਕੀਤਾ ਹੈ। ਸੂਬੇ ਖਾਨ ਬਹਾਦਰ (ਜ਼ਕਰੀਆ ਖਾਂ) ਨੇ ਜਦੋਂ ਅੱਤ ਹੀ ਚੁਕ ਲਈ ਤੇ ਗੱਲ-ਗੱਲ ਤੇ ਮੁਕਰਦਾ, ਵਿਸਾਹਘਾਤ ਕਰਦਾ ਰਿਹਾ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿਤਾ ਅਤੇ ਦਿਲ ਵਿਚ ਇਹ ਗੱਲ ਠਾਨ ਲਈ ਕਿ ਸਿੰਘਾਂ ਨੂੰ ਖਤਮ ਕਰ ਦੇਣਾ ਹੈ। ਪਰ ਸਿੰਘਾਂ ਨੂੰ ਖਤਮ ਕਰਦੀਆਂ ਕਈ ਸਰਕਾਰਾਂ ਆਪ ਹੀ ਖਤਮ ਹੋ ਗਈਆਂ।

ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਮਸੂਲ ਉਗਰਾਉਣ ਦੇ ਕੰਮ ਵਿਚ ਲੱਗੇ ਹੋਏ ਸਨ। ਹੱਥਾਂ ਵਿਚ ਡੰਡੇ (ਸਲੋਤਰ) ਫੜੇ ਹੋਏ ਸਨ। ਉਹਨਾਂ ਨਾਲ ਹੀ ਉਹਨਾਂ ਨੇ ਕਈ ਮੁਗਲਾਂ ਨੂੰ ਮਾਰ ਦਿਤਾ।

ਇਸ ਪੁਸਤਕ ਵਿਚ ਉਹਨਾਂ ਦੀ ਦਲੇਰੀ ਤੇ ਬਹਾਦਰੀ ਦਾ ਜ਼ਿਕਰ ਹੈ। ਆਪ ਇਸ ਪੁਸਤਕ ਨੂੰ ਪੜ੍ਹ ਕੇ ਸੂਰਬੀਰ ਬਹਾਦਰ ਬਣੋ।

'ਤੇਗ'

੧.

'ਹੈਂ, ਸੂਬੇ ਖਾਨ ਬਹਾਦਰ (ਜ਼ਕਰੀਆ ਖਾਂ) ਨੇ ਤਾਂ ਅੱਤ ਹੀ ਚੁੱਕ ਲਈ ਹੈ, ਗੱਲ ਗੱਲ 'ਤੇ ਮੁਕਰਦਾ ਹੈ ਤੇ ਵਿਸਾਹਘਾਤ ਕਰਦਾ ਹੈ।'

'ਸਿੰਘਾਂ ਦੇ ਤਾਂ ਵੈਰ ਹੀ ਪੈ ਗਿਆ ਹੈ।'

'ਭਾਈ ਮਨੀ ਸਿੰਘ ਜੀ, ਨਾਮ-ਬਾਣੀ ਦੇ ਰਸੀਏ ਸਨ, ਮਹਾਨ ਵਿਦਵਾਨ ਤੇ ਆਪਣੇ ਵਿਚਾਰ ਸੁਣਾ ਕੇ ਤਪਦੇ ਤੇ ਵੈਰ-ਵਿਰੋਧ ਦੀ ਭਾਵਨਾ ਨਾਲ ਆਏ, ਵਿਰੋਧੀਆਂ ਤੇ ਵੈਰੀਆਂ ਨੂੰ ਵੀ ਸ਼ਾਂਤ ਕਰ ਦੇਂਦੇ ਸਨ।'

'ਇਸੇ ਕਰਕੇ ਹੀ ਉਹ ਏਨਾ ਚਿਰ ਹਰਿਮੰਦਰ ਸਾਹਿਬ ਦੀ ਸੇਵਾ ਕਰਦੇ ਰਹੇ ਹਨ, ਨਹੀਂ ਤੇ ਇਹ ਖਾਨ ਬਹਾਦਰ ਤਾਂ ਅਤਿ ਖੋਟਾ ਤੇ ਸਿੰਘਾਂ ਦੇ ਲਹੂ ਦਾ ਤਿਹਾਇਆ, ਉਨ੍ਹਾਂ ਨੂੰ ਏਨਾ ਚਿਰ ਇਥੇ ਟਿਕਣ ਦੇਂਦਾ?'

'ਠੀਕ ਹੈ, ਪਰ ਅਖੀਰ ਉਸ ਆਪਣੀ ਕਰ ਹੀ ਲਈ। ਪਰ ਇਸ ਨਾਮ ਰਸੀਏ ਭਾਈ ਸਾਹਿਬ ਨੇ ਵੀ ਸਿੱਖੀ-ਰੰਗਣ ਦੇ ਜੌਹਰ ਦਿਖਾ

ਦਿੱਤੇ, ਸ਼ਹੀਦ ਤਾਂ ਹੋ ਗਏ ਹਨ, ਪਰ ਦੁਸ਼ਮਣ ਨੂੰ ਵੀ ਦੰਗ ਕਰ ਗਏ ਹਨ।'

'ਕਿਵੇਂ?'

'ਤੁਸਾਂ ਨਹੀਂ ਸੁਣਿਆ?'

'ਨਹੀਂ।'

'ਭਾਈ ਮਨੀ ਸਿੰਘ ਜੀ ਨੇ ੫੦੦੦ ਰੁਪਏ ਦੇਣਾ ਕਰ ਕੇ, ਕੋਸ਼ਿਸ਼ ਕੀਤੀ ਸੀ ਕਿ ਅੰਮ੍ਰਿਤਸਰ ਇਕ ਵਾਰੀ ਸਿੰਘਾਂ ਦੇ ਇਕੱਠ ਹੋਣ, ਤੇ ਸਿੰਘ ਇਕ ਦੂਜੇ ਨੂੰ ਮਿਲ ਸਕਣ। ਹੁਣ ਤਾਂ ਸਿੰਘ ਖਿੰਡੇ-ਪੁੰਡੇ ਫਿਰਦੇ ਹਨ। ਸੌ, ਦੋ ਸੌ ਤੇ ਚਾਰ ਸੌ ਜਾਂ ਪੰਜ ਪੰਜ ਸੌ ਦੇ ਕਈ ਜਥੇ ਬਣਾ ਕੇ ਵੱਖ ਵੱਖ ਥਾਈਂ ਜੰਗਲਾਂ ਵਿਚ ਵਾਸਾ ਕਰੀ ਬੈਠੇ ਹਨ, ਜ਼ਾਲਮ ਖਾਨ ਬਹਾਦਰ ਦੀ ਪੇਸ਼ ਨਹੀਂ ਜਾਂਦੀ, ਭਾਵੇਂ ਉਸ ਦੀ ਫ਼ੌਜ ਜੰਗਲਾਂ ਦੇ ਬਾਹਰ ਹਰ ਤਾੜ ਵਿਚ ਰਹਿੰਦੀ ਹੈ, ਪਰ ਸਿੰਘ ਵੀ ਐਸੇ ਹਨ ਕਿ ਰਾਤ-ਬਰਾਤੇ ਨਿਕਲ ਕੇ ਉਹਨਾਂ ਨਾਲ ਉਹ ਕਰ ਜਾਂਦੇ ਹਨ, ਕਿ ਤੋਬਾ ਤੋਬਾ ਕਰ ਉਠਦੇ ਹਨ। ਅੱਠ-ਦਸ ਸਾਲ ਤੋਂ ਇਹੀ ਹਾਲਤ ਹੈ, ਜਿਹੜੇ ਸਿੰਘ ਕਾਬੂ ਆ ਜਾਂਦੇ ਹਨ, ਉਹ ਬੜੀ ਬੇਦਰਦੀ ਨਾਲ ਲਾਹੌਰ ਲਿਜਾ ਕੇ ਕਤਲ ਕਰ ਦਿਤੇ ਜਾਂਦੇ ਹਨ। ਸੋ ਇਹੋ ਜਿਹੀ ਹਾਲਤ ਬਣੀ ਹੋਈ ਸੀ। ਸਿੰਘ ਬੜੀ ਮੁਸ਼ਕਲ ਨਾਲ ਜਾਂਦੇ, ਤੇ ਰਾਤ ਬਰਾਤੇ ਅੰਮ੍ਰਿਤਸਰ ਦੇ ਇਸ਼ਨਾਨ ਕਰ ਕੇ, ਫਿਰ ਜੰਗਲਾਂ ਵਿਚ ਵੜ ਜਾਂਦੇ ਹਨ, ਪਰ ਧੰਨ ਹਨ, ਸਿੰਘਾਂ ਦੇ ਸਿਦਕ, ਗੁਰਬਾਣੀ ਦੇ ਸਹਾਰੇ, ਆਪਣੇ ਸਤਿਗੁਰੂਆਂ ਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਕਾਰਨਾਮਿਆਂ ਨੂੰ ਚੇਤੇ ਕਰ ਕਰ ਸਭ ਦੁੱਖਾਂ ਨੂੰ ਸੁਖ ਕਰਕੇ ਮੰਨੀ ਜਾਂਦੇ ਹਨ, ਤੇ ਤਿਆਰ ਬਰ ਤਿਆਰ ਤੇ ਮਰਨੋਂ ਡਰਦੇ ਨਹੀਂ ਹਨ। ਭਾਈ ਮਨੀ ਸਿੰਘ ਜੀ ਦੇ ਮਨ 'ਚ ਸੱਧਰ ਸੀ ਕਿ ਕਿਤੇ ਸਿੰਘ ਇਕੱਠੇ ਹੋਣ ਤਾਂ ਹਰਿਮੰਦਰ ਤੇ ਸਰੋਵਰ ਦੀ ਸੇਵਾ ਹੋਵੇ ਤੇ ਨਾਲੇ ਦਰਸ਼ਨ, ਮੇਲ-ਮਿਲਾਪ ਹੋਣ। ਉਹਨਾਂ ਨੇ ਇਸੇ ਪ੍ਰੇਮ ਪਿਆਰ ਦੀ ਖਿੱਚ ਵਿਚ

ਅੰਮ੍ਰਿਤਸਰ ਦੇ ਸਰਕਾਰੀ ਅਧਿਕਾਰੀਆਂ ਨਾਲ ਗੱਲ ਕੀਤੀ ਕਿ ਸਿੰਘਾਂ ਦਾ ਇਕ ਵਾਰੀ ਇਕੱਠ ਹੋ ਲੈਣ ਦਿੱਤਾ ਜਾਵੇ, ਤਾਂ ਉਹ ਇਸ ਦੇ ਬਦਲੇ ਪੰਜ ਹਜ਼ਾਰ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾ ਦੇਣਗੇ। ਵਿਸਾਹਘਾਤ ਕਰਨ ਦਾ ਆਦੀ, ਸੂਬਾ ਖਾਨ ਬਹਾਦਰ ਇਹ ਮੰਨ ਗਿਆ ਤੇ ਭਾਈ ਮਨੀ ਸਿੰਘ ਜੀ ਨੇ ਵਿਸਾਖੀ ਦੇ ਦਿਨ ਇਕੱਠ ਬੁਲਾ ਲਿਆ।

ਇਸ ਗੱਲਬਾਤ ਦੇ ਮਗਰੋਂ ਸੂਬੇ ਖਾਨ ਬਹਾਦਰ ਦੇ ਕਪਟੀ ਮਨ ਨੇ ਇਹ ਸਕੀਮ ਬਣਾ ਲਈ ਕਿ ਜਦ ਸਿੰਘਾਂ ਦਾ ਇਕੱਠ ਹੋਵੇ ਤਾਂ ਉਹ ਅਵੇਸਲੇ ਹੋ ਕੇ, ਆਪਣੇ ਮੇਲ ਮਿਲਾਪ ਵਿਚ ਹੀ ਲੱਗੇ ਹੋਣ, ਘੇਰਾ ਪਾ ਕੇ ਸਭ ਨੂੰ ਫੜ ਲਿਆ ਜਾਵੇ- ਤੇ ਇਨ੍ਹਾਂ ਦਾ ਇਹ ਰੋਜ਼-ਰੋਜ਼ ਦਾ ਖਲਜਗਣ ਹੀ ਖਤਮ ਕਰ ਦਿੱਤਾ ਜਾਵੇ, ਪਰ ਅਕਾਲ ਪੁਰਖ ਦੇ ਪੰਥ ਨੂੰ ਖਤਮ ਕਰਨ ਵਾਲੇ ਕਈ ਖਤਮ ਹੋ ਗਏ ਤੇ ਹੋਣੇ ਸਨ, ਇਸ ਲਈ ਉਸ ਦੀ ਇਹ ਨਾਪਾਕ ਸਕੀਮ ਸਿਰੇ ਕਿਵੇਂ ਚੜ੍ਹ ਸਕਦੀ ਸੀ? ਉਸ ਨੇ ਇਹ ਕੀਤਾ ਕਿ ਵਿਸਾਖੀ ਤੋਂ ੨-੪ ਦਿਨ ਪਹਿਲੋਂ ਹੀ ਆਪਣੀ ਬੇਸ਼ੁਮਾਰ ਫ਼ੌਜ ਨੂੰ ਅੰਮ੍ਰਿਤਸਰ ਤੋਂ ਦੂਰ-ਦੂਰ ਤਕ ਸਾਰੇ ਰਸਤਿਆਂ ਦੀ ਨਾਕਾਬੰਦੀ ਕਰਨ ਦੇ ਖਿਆਲ ਨਾਲ ਭੇਜ ਦਿੱਤਾ। ਸਿੰਘਾਂ ਦੇ ਵੀ ਕਈ ਜਥੇ ਪਹਿਲੇ ਹੀ ਪੁੱਜ ਚੁਕੇ ਸਨ, ਤੇ ਕਈ ਆ ਰਹੇ ਸਨ, ਪਰ ਦੁਸ਼ਮਣ ਦੀ ਫ਼ੌਜ ਨੂੰ ਅੰਮ੍ਰਿਤਸਰ ਦੇ ਸਭ ਪਾਸੇ ਦੂਰ ਦੂਰ ਤਕ ਸਿੰਘਾਂ ਨੇ ਵੀ ਵੇਖ ਲਿਆ। ਦੋ ਤਿੰਨ ਦਿਨ ਪਹਿਲੋਂ ਹੀ ਭਾਈ ਮਨੀ ਸਿੰਘ ਜੀ ਤੜਪ ਪਏ ਕਿ ਹਾਏ! ਮੇਰੀ ਇਸ ਗੱਲ ਦੀ ਖਾਤਰ ਕਿ ਸਿੰਘ ਇਕੱਠੇ ਹੋਣ, ਤੇ ਇਸ ਜ਼ਾਲਮ ਦੀ ਖੂਨੀ ਸਾਜ਼ਸ਼ ਦਾ ਸ਼ਿਕਾਰ ਹੋ ਜਾਣ, ਇਹ ਮੈਂ ਨਹੀਂ ਹੋਣ ਦਿਆਂਗਾ। ਭਾਈ ਮਨੀ ਸਿੰਘ ਜੀ ਨੇ ਜੰਗਲਾਂ ਵਿਚ ਨੇੜੇ ਤੇੜੇ ਸਭ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਕੋਈ ਸਿੰਘ ਵਿਸਾਖੀ 'ਤੇ ਨਾ ਆਵੇ, ਬੇਈਮਾਨ ਸੂਬਾ ਬੇਈਮਾਨ ਹੋ ਗਿਆ ਹੈ।

ਬਸ ਇਸੇ ਕਾਰਨ ਇਕੱਠ ਨਾ ਹੋਇਆ, ਨੇੜੇ ਨੇੜੇ ਆ ਚੁਕੇ

ਬਹਾਦਰ ਸਿੰਘ, ਰਾਤ ਬਰਾਤੇ ਇਸ਼ਨਾਨ ਕਰ ਕੇ ਨਿਕਲ ਗਏ, ਕਈਆਂ ਨਾਲ ਮੁਠ-ਭੇੜ ਹੋਈ, ਪਰ ਸੈਂਕੜਿਆਂ ਨੂੰ ਮਾਰ ਕੇ ਸਿੰਘ ਘੇਰੇ ਤੋੜ ਕੇ ਨਿਕਲ ਗਏ। ਇਕੱਠ ਨਾ ਹੋਇਆ ਪਰ ਜਿਹੜੇ ਬਹਾਦਰ ਸੂਰਮੇ ਆਏ, ਉਹ ਵੀ ਕਾਬੂ ਨਾ ਆਏ ਤੇ ਨਿਕਲ ਗਏ। ਸੂਬੇ ਖਾਨ ਦੀਆਂ ਮਨ ਦੀਆਂ ਮਨ ਵਿਚ ਹੀ ਰਹਿ ਗਈਆਂ।'

'ਫਿਰ ਕੀ ਹੋਇਆ?'

'ਫਿਰ ਹੋਣਾ ਕੀ ਸੀ, ਰੁਪਿਆ ਕੋਈ ਇਕੱਠਾ ਨਾ ਹੋਇਆ। ਸੂਬੇ ਨੇ ਰੁਪਏ ਦੀ ਮੰਗ ਕੀਤੀ, ਤਾਂ ਭਾਈ ਸਾਹਿਬ ਨੇ ਜਵਾਬ ਦੇ ਦਿੱਤਾ ਕਿ ਤੇਰੀਆਂ ਕੁਟਲ ਨੀਤੀਆਂ ਨੂੰ ਵੇਖ ਕੇ ਅਸਾਂ ਸਿੰਘਾਂ ਦਾ ਇਕੱਠ ਕੀਤਾ ਹੀ ਨਹੀਂ, ਇਸ ਲਈ ਰੁਪਏ ਤੈਨੂੰ ਕਾਹਦੇ ਦੇਈਏ?'

ਸੂਬੇ ਨੇ ਕਿਹਾ- 'ਤੁਸੀਂ ਰੁਪਏ ਦੇਣ ਦਾ ਵਾਹਦਾ ਕੀਤਾ ਸੀ, ਇਸ ਲਈ ਜਿਥੋਂ ਮਰਜ਼ੀ ਹੈ ਦਿਓ, ਮੈਂ ਰੁਪਏ ਲੈ ਕੇ ਛੱਡਾਂਗਾ। ਪਰ ਭਾਈ ਮਨੀ ਸਿੰਘ ਜੀ ਨੇ ਇਕੋ ਨਾਂਹ ਕਰ ਦਿੱਤੀ ਤੇ ਰੁਪਿਆ ਨਾ ਦਿੱਤਾ, ਭਾਵੇਂ ਉਹ ਰੁਪਿਆ ਦੇ ਕੇ, ਆਪਣੀ ਬੰਦ-ਖਲਾਸ ਕਰਾ ਸਕਦੇ ਸਨ, ਪਰ ਉਹਨਾਂ ਨੇ ਤਾਂ ਸ਼ਹੀਦ ਹੋਣ ਦੀ ਮਨ ਵਿਚ ਠਾਣ ਲਈ ਸੀ। ਸੂਬੇ ਨੇ ਇਸੇ ਜੁਰਮ ਵਿਚ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਆਪ ਗ੍ਰਿਫਤਾਰ ਹੋ ਕੇ ਲਾਹੌਰ ਪੁੱਜ ਗਏ। ਸੂਬੇ ਦੀ ਕਚਿਹਰੀ ਵਿਚ ਪੇਸ਼ ਕੀਤਾ, ਪਰ ਭਾਈ ਮਨੀ ਸਿੰਘ ਜੀ ਤਾਂ ਸਾਹਿਬ ਸ੍ਰੀ ਕਲਗੀਧਰ ਜੀ ਦੇ ਵਰਸਾਏ ਹੋਏ, ਉਚ ਅਵਸਥਾ ਦੇ ਮਾਲਕ ਬਣ ਚੁਕੇ ਸਿੰਘ ਸਨ, ਉਹਨਾਂ ਉਤੇ ਸੂਬੇ ਦੇ ਰਹਿਮ ਜਾਂ ਰੋਅਬ ਦਾ ਕੀ ਅਸਰ ਹੋਣਾ ਸੀ! ਸੂਬਾ ਤਾਂ ਈਰਖਾਲੂ ਸੀ, ਵਿਦਵਾਨ ਤਾਂ ਨਹੀਂ ਸੀ। ਉਸ ਈਰਖਾ-ਭਰੇ ਲਹਿਜੇ ਵਿਚ ਸਿੰਘਾਂ ਜਾਂ ਗੁਰੂ ਸਾਹਿਬ ਵਿਰੁੱਧ ਕਈ ਸ਼ਬਦ ਆਖੇ, ਤਾਂ ਭਾਈ ਸਾਹਿਬ ਨੇ ਸ਼ਾਂਤੀ-ਭਰੇ ਲਹਿਜੇ, ਪਰ ਦਲੀਲਾਂ ਦੇ ਕੇ ਉਸ ਨੂੰ ਜ਼ਾਲਮ, ਨਿਰਦਈ, ਧੋਖੇਬਾਜ਼ ਤੇ ਪਾਖੰਡੀ ਸਾਬਤ ਕਰ ਦਿੱਤਾ।

ਭਾਈ ਮਨੀ ਸਿੰਘ ਜੀ ਦੀਆਂ ਸੱਚੀਆਂ ਤੇ ਖਰੀਆਂ ਖਰੀਆਂ ਗੱਲਾਂ ਸੁਣ ਕੇ ਸਭ ਦਰਬਾਰੀ ਤੇ ਖਾਸ ਕਰਕੇ ਮੁਫਤੀਆਂ, ਕਾਜ਼ੀਆਂ ਤੇ ਮੌਲਾਣਿਆਂ ਨੂੰ ਤਾਂ ਅੱਗ ਹੀ ਲੱਗ ਗਈ। ਸੂਬੇ ਦੇ ਕਹਿਣ 'ਤੇ ਉਹਨਾਂ ਦੇ ਸ਼ਾਹੀ ਕਾਜ਼ੀ ਤੇ ਹੋਰ ਉਲਮਾਵਾਂ ਨੇ ਫਤਵਾ ਲਾ ਦਿੱਤਾ, ਕਿ ਇਸ ਨੂੰ ਬੰਦ ਬੰਦ ਕਟ ਕੇ ਮਾਰਿਆ (ਸ਼ਹੀਦ ਕੀਤਾ) ਜਾਵੇ। ਕਿਉਂਕਿ ਇਹ ਸਿੱਖਾਂ ਦਾ ਮੌਲਵੀ ਹੈ, ਸਿੱਖੀ ਦਾ ਪਰਚਾਰਕ (ਗ੍ਰੰਥੀ) ਹੈ, ਇਸ ਦੀ ਰਗ ਰਗ ਵਿਚ ਸਿੱਖੀ ਸਮਾਈ ਹੋਈ ਹੈ ਇਸ ਲਈ ਇਸ ਦਾ ਪੁਰਜ਼ਾ ਪੁਰਜ਼ਾ ਕਰ ਦੇਣਾ ਹੀ ਠੀਕ ਹੈ।

ਇਹ ਗੱਲਾਂ ਕਰਨ ਵਾਲੇ ਸਿੰਘ ਕੌਣ ਸਨ? ਇਹ ਕੇਵਲ ਗਿਣਤੀ ਵਿਚ ਦੋ ਹੀ ਸਨ। ਇਹਨਾਂ ਕੋਲ ਘੋੜੇ ਵੀ ਨਹੀਂ ਸਨ, ਤਲਵਾਰਾਂ ਵੀ ਨਹੀਂ ਸਨ, ਬੇ-ਹਥਿਆਰੇ ਸਨ। ਜਦੋਂ ਭਾਈ ਮਨੀ ਸਿੰਘ ਜੀ ਨੇ ਵੈਸਾਖੀ 'ਤੇ ਇਕੱਠ ਕਰਨ ਲਈ ਸਿੰਘਾਂ ਨੂੰ ਸੁਨੇਹੇ ਘੱਲੇ ਸਨ, ਤਾਂ ਇਹ ਦੋਵੇਂ ਹੀ ਵੱਖ ਵੱਖ ਜਥਿਆਂ ਨਾਲ ਅੰਮ੍ਰਿਤਸਰ ਪੁੱਜੇ ਸਨ, ਪਰ ਸੂਬੇ ਦੀ ਵਿਸਾਹਘਾਤੀ ਦੇ ਕਾਰਨ, ਜਦ ਇਹ ਜਥੇ ਰਾਤੋ ਰਾਤ ਇਸ਼ਨਾਨ ਕਰਕੇ ਅੰਮ੍ਰਿਤਸਰੋਂ ਤੁਰੇ ਤਾਂ ਇਹ ਦੋਵੇਂ ਹੀ ਆਪਣੇ ਜਥਿਆਂ ਨਾਲੋਂ ਨਿੱਖੜ ਕੇ ਪਿੱਛੇ ਰਹਿ ਗਏ ਸਨ। ਘੋੜੇ ਪਹਿਲੇ ਤਾਂ ਇਹਨਾਂ ਕੋਲ ਸਨ, ਪਰ ਜਾਣ ਸਮੇਂ, ਘੋੜਿਆਂ ਨੂੰ ਗੋਲੀਆਂ ਲੱਗੀਆਂ ਤੇ ਉਹ ਤੜਫ ਕੇ ਡਿੱਗ ਪਏ ਸਨ, ਲੜਦਿਆਂ ਦੀਆਂ ਤਲਵਾਰਾਂ ਵੀ ਟੁੱਟ ਗਈਆਂ ਸਨ, ਤੇ ਘੋੜਿਆਂ ਤੋਂ ਡਿੱਗਣ ਕਰਕੇ ਕੁਝ ਜ਼ਖਮੀ ਵੀ ਹੋ ਗਏ ਸਨ, ਪਰ ਸਾਥੀ ਜਥੇ ਵਾਲੇ ਹਰਨ ਹੋ ਕੇ ਨਿਕਲ ਗਏ ਸਨ। ਇਹ ਦੋਵੇਂ ਸਿੰਘ ਇਕੱਲੇ-ਇਕੱਲੇ ਹੋ ਗਏ ਸਨ।

ਝਬਾਲ ਦੇ ਇਲਾਕੇ ਵਿਚ ਤਦ ਭੇਸ ਬਦਲ ਕੇ, ਮੂੰਹ ਸਿਰ ਵਲ੍ਹੇਟੀ ਫਿਰਦੇ, ਇਹ ਸਿੰਘ ਕੁਦਰਤੀ ਨੂਰ ਦੀ ਸਰਾਂ ਦੇ ਕੋਲ ਇਕੱਠੇ ਹੋ ਗਏ। ਸਿੰਘ ਸਨ, ਛੇਤੀ ਹੀ ਇਕ ਦੂਜੇ ਨੂੰ ਪਛਾਣ ਗਏ ਤੇ ਜਥਿਆਂ ਨਾਲੋਂ

ਨਿੱਖੜ ਕੇ ਕਈਆਂ ਦਿਨਾਂ ਮਗਰੋਂ ਇਕੱਠੇ ਹੋਏ ਸਨ। ਕਈ ਪਿੰਡਾਂ ਵਿਚੋਂ ਦੀ ਲੰਘੇ, ਲੋਕਾਂ ਦੀਆਂ ਗੱਲਾਂ ਸੁਣਦੇ ਆਏ। ਕੋਈ ਸਿੰਘਾਂ ਦੀ ਨਿੰਦਿਆ ਕੋਈ ਵਡਿਆਈ ਕਰਦਾ ਸੀ, ਤੇ ਭਾਈ ਮਨੀ ਸਿੰਘ ਜੀ ਦੇ ਸ਼ਹੀਦ ਹੋਣ ਤੇ ਫਿਰ ਉਸ ਦੇ ਮਗਰੋਂ ਸਿੰਘਾਂ ਦੇ ਜਥੇ ਜਿਵੇਂ ਰਾਤ ਵੇਲੇ, ਗੁੱਸੇ ਨਾਲ ਲਾਹੌਰ ਨੂੰ ਪਏ, ਤੇ ਖਾਸ ਕਰਕੇ ਮੁਫਤੀ ਮੁਲਾਣਿਆਂ, ਕਾਜ਼ੀਆਂ ਦੇ ਮਹੱਲੇ ਵਿਚ ਪੁੱਜ ਕੇ, ਉਨ੍ਹਾਂ ਜੋ ਕਟਾ-ਵੱਢ ਕੀਤੀ, ਇਹ ਗੱਲਾਂ ਵੀ ਇਹਨਾਂ ਨੇ ਕਈਆਂ ਨੂੰ ਕਰਦਿਆਂ ਵੇਖਿਆ ਤੇ ਸੁਣਿਆ ਸੀ। ਪਰ ਮਗਰੋਂ ਸੂਬੇ ਖਾਨ ਬਹਾਦਰ ਨੇ ਸਿੰਘਾਂ ਦੇ ਸਿਰਾਂ ਦੇ ਇਨਾਮ ਤੇ ਜੀਊਂਦਿਆਂ ਨੂੰ ਫੜਵਾਉਣ ਦੇ ਇਨਾਮ ਰੱਖ ਕੇ, ਆਮ ਲਾਲਚੀ ਲੋਕਾਂ ਨੂੰ ਸਿੰਘਾਂ ਦੇ ਦੁਸ਼ਮਣ ਬਣਾ ਦਿੱਤਾ ਸੀ, ਇਸ ਗੱਲ ਨੇ ਸਿੰਘਾਂ ਲਈ ਬੜੀ ਮੁਸੀਬਤ ਦੇ ਦਿਨ ਲੈ ਆਂਦੇ ਸਨ। ਕੇਸਾਧਾਰੀ ਤੇ ਦਾੜੀ-ਮੁੱਛ ਵਾਲਾ ਸਿੰਘ ਤਾਂ ਦੂਰੋਂ ਹੀ ਪਛਾਣਿਆ ਜਾਂਦਾ ਸੀ, ਇਸ ਲਈ ਸੈਂਕੜੇ ਤੇ ਹਜ਼ਾਰਾਂ ਸਿੰਘ ਇਹਨਾਂ ਦਿਨਾਂ ਵਿਚ ਸੂਬੇ ਖਾਨ ਬਹਾਦਰ ਦੀ ਇਸ ਪਾਲਸੀ ਦਾ ਸ਼ਿਕਾਰ ਹੋ ਕੇ ਫੜੇ ਗਏ। ਚਰਖੜੀਆਂ 'ਤੇ ਚਾੜ੍ਹ ਕੇ, ਕੋਰੜੇ ਮਾਰ ਕੇ ਤੇ ਹੋਰ ਤਰ੍ਹਾਂ ਤਰ੍ਹਾਂ ਦੇ ਦੁੱਖ ਦੇ ਦੇ ਕੇ ਇਹਨਾਂ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਤੇ ਗੁਰੂ ਦੇ ਸਿਦਕੀ ਸਿੰਘ, ਸਿੱਖੀ ਸਿਦਕ ਦੇ ਨਮੂਨੇ ਪੇਸ਼ ਕਰ-ਕਰ ਕੇ ਇਸ ਸਮੇਂ ਸ਼ਹੀਦੀਆਂ ਪਾਉਂਦੇ ਗਏ।

ਪਰ ਇਹ ਦੋਵੇਂ ਸਿੰਘ, ਜੋ ਝਬਾਲ ਦੇ ਇਲਾਕੇ ਵਿਚ ਬੇ-ਹਥਿਆਰੇ ਹੋਏ ਹੋਏ ਇਕ ਦੂਜੇ ਨੂੰ ਮਿਲੇ ਸਨ ਜੋ ਸੂਬੇ ਦੀ ਵਧੀਕੀ ਦੀਆਂ ਗੱਲਾਂ ਕਰ ਰਹੇ ਹਨ। ਇਹ ਇਸੇ ਇਲਾਕੇ ਵਿਚ ਹੀ ਲੁਕ ਛਿਪ ਕੇ ਗੁਜ਼ਾਰਾ ਕਰਨ ਲੱਗੇ, ਦਿਨ ਟਪਾਣ ਲੱਗੇ। ਦਿਨ ਵੇਲੇ ਇਹ ਛਿਛਰੇ ਦੇ ਵੱਡੇ-ਵੱਡੇ ਪੱਤਿਆਂ ਦੇ ਓਹਲੇ, ਰਸਤੇ ਤੋਂ ਦੂਰ ਜਾ ਕੇ ਲੇਟ ਜਾਂਦੇ ਤੇ ਚਿੱਟੇ, ਦਿਨ ਸਮੇਂ, ਇਹ ਇਸੇ ਤਰ੍ਹਾਂ ਕਰਕੇ ਸਮਾਂ ਗੁਜ਼ਾਰਦੇ, ਪਰ ਰਾਤ ਬਾਹਰ ਨਿਕਲ ਕੇ, ਐਧਰ ਓਧਰ ਫਿਰ ਕੇ, ਕੋਈ ਮੂਲੀ, ਗਾਜਰ, ਗੰਨਾ ਜਾਂ ਹੋਰ

ਇਸੇ ਤਰ੍ਹਾਂ ਦੀਆਂ ਚੀਜ਼ਾਂ ਖਾ ਕੇ ਉਦਰ ਪੂਰਨਾ ਕਰ ਲੈਂਦੇ। ਕਿਸੇ ਕਿਸੇ ਦਿਨ, ਜੇ ਦਾਅ ਲੱਗਾ ਜਾਂਦਾ, ਤਾਂ ਰੋਟੀਆਂ ਵੀ ਖੋਹ ਖਾਹ ਕੇ ਖਾ ਲੈਂਦੇ, ਪਰ ਦਿਨ ਬੜੀ ਮੁਸ਼ਕਲ ਨਾਲ ਬਿਤਾ ਰਹੇ ਸਨ। ਨਾ ਉਹ ਰਾਤ ਦੇ ਹਨੇਰੇ ਵਿਚ ਤੁਰ ਕੇ ਦੂਰ ਜੰਗਲਾਂ ਤਕ ਜਾ ਸਕਦੇ ਸਨ, ਕਿਉਂਕਿ ਬੇਹਥਿਆਰਾ ਤਾਂ ਜੰਗਲ ਵਿਚ ਜਾਨਵਰਾਂ ਤੋਂ ਵੀ ਆਪਣੀ ਰਾਖੀ ਨਹੀਂ ਕਰ ਸਕਦਾ ਸੀ ਤੇ ਹਥਿਆਰ ਹੀ ਸਭ ਤੋਂ ਵੱਡੀ ਚੀਜ਼ ਸੀ, ਪਰ ਹਥਿਆਰ ਤੋਂ ਬਿਨਾਂ ਹਰ ਸਮੇਂ ਉਹਨਾਂ ਦਿਨਾਂ ਵਿਚ ਮਨੁੱਖ ਭਾਰੇ ਖਤਰੇ ਵਿਚ ਰਹਿੰਦਾ ਸੀ।

****

੨.

ਭਾਈ ਮਨੀ ਸਿੰਘ ਦੇ ਪਕੜੇ ਜਾਣ ਦੀ ਖਬਰ ਜੰਗਲਾਂ ਵਿਚ ਸਿੰਘਾਂ ਨੂੰ ਲੱਗ ਗਈ ਸੀ। ਭਾਵੇਂ ਸਾਰਿਆਂ ਸਿੰਘਾਂ ਦਾ ਹੀ ਇਸ ਸਮੇਂ ਆਪੋ ਵਿਚ ਬੜਾ ਇਤਫਾਕ ਸੀ. ਇਕ ਦੂਜੇ ਲਈ ਸਿੰਘ ਜਾਨਾਂ ਵਾਰਦੇ ਸਨ. ਪਰ ਇਕ ਭਾਈ ਮਨੀ ਸਿੰਘ ਜੀ ਇਸ ਸਮੇਂ ਐਸੀ ਹਸਤੀ ਬਣ ਚੁੱਕੇ ਸਨ ਕਿ ਨਵਾਬ ਕਪੂਰ ਸਿੰਘ ਜੀ ਤੋਂ ਲੈ ਕੇ. ਮਾਮੂਲੀ ਤੋਂ ਮਾਮੂਲੀ ਨਵਾਂ ਬਣਿਆ ਸਿੱਖ ਵੀ ਭਾਈ ਮਨੀ ਸਿੰਘ ਜੀ ਦਾ ਸਤਿਕਾਰ ਕਰਦਾ ਸੀ। ਹਿੰਦੂ ਉਸ ਸਮੇਂ ਇਕ ਕਿਸਮ ਦੀ ਸਿੰਘਾਂ ਦੀ ਰੀਜ਼ਰਵ ਫ਼ੌਜ ਸਨ. ਤੇ ਮੁਸਲਮ ਹਕੂਮਤ ਦੇ ਅਤਿਆਚਾਰਾਂ ਨੇ ਸਮਾਂ ਹੀ ਐਸਾ ਬਣਾ ਦਿੱਤਾ ਹੋਇਆ ਸੀ ਕਿ ਜਦ ਭੂਤਰੇ ਹੋਏ ਮੁਸਲਿਮ ਫ਼ੌਜੀਆਂ ਦੀ ਸਿੰਘ ਫੇਟੀ ਲਾਹ ਜਾਂਦੇ ਸਨ ਤੇ ਕਾਬੂ ਨਹੀਂ ਸਨ ਆਉਂਦੇ. ਤਾਂ ਇਹ ਆਪਣੇ ਮਨ ਦੀ ਭੜਾਸ ਅਮਨ ਪਸੰਦ ਹਿੰਦੂਆਂ ਤੇ ਮਾਰ ਕੁੱਟ ਤੇ ਲੁੱਟ ਮਾਰ ਕਰ ਕੇ ਪੂਰੀ ਕਰ ਲੈਂਦੇ ਸਨ। ਇਸੇ ਲੁੱਟ ਘਸੁੱਟ ਤੇ ਬੇਪਤੀ ਦੇ ਜੀਵਨ ਨਾਲੋਂ ਨੌਜਵਾਨ ਹਿੰਦੂ ਮੁੰਡੇ ਜੰਗਲਾਂ ਵਿਚ ਆ ਜਾਂਦੇ. ਤੇ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦੇ ਸਨ।

ਇਹੋ ਹਾਲ ਖਾਨ ਬਹਾਦਰ ਸੂਬੇ ਨੇ ਦਿੱਲੀਓਂ ਆਉਂਦੇ, ਜਦ ਨਾਦਰ

ਸ਼ਾਹ ਨੂੰ ਸਿੰਘਾਂ ਨੇ ਲੁੱਟ ਲਿਆ ਸੀ ਤੇ ਜਬਰੀ ਫੜੇ ਹੋਏ ਹਿੰਦੂਆਂ ਦੇ ਮੁੰਡੇ ਕੁੜੀਆਂ ਛੁਡਾਏ ਸਨ ਉਸ ਦੇ ਪੁੱਛਣ ਤੇ ਕਿਹਾ ਸੀ-

ਮਾਰਤ ਇਨ ਕੋ ਹਮ ਥਕ ਗਏ ਹੈਂ,
ਪਲੈ ਪਲੈ ਹੀ ਇਨ ਮੈਂ ਐਂ ਹੈਂ।
ਦੇ ਨਿਤ ਬਢਤ ਜਾਤ ਨਿਤਨ ਏ।
ਮਾਰਤ ਇਨ ਕੋ ਹਮ ਥਕ ਗਏ।
ਮਰਨ ਮਾਰਨੋ ਜ਼ਰਾ ਨਾ ਡਰ ਹੈਂ।
ਮੌਤ ਚਰਾਗ ਪਤੰਗੇ ਪਰ ਹੈਂ।
ਚਾਹਿਤ ਨਿਸ ਦਿਨ ਲੈਣ ਸ਼ਹੀਦੀ।
ਟਰਤ ਨਾ ਰਣ ਤੇ ਹੈ ਕਰ ਗੀਦੀ।...
ਮੁਰਸ਼ਦ ਇਨ ਕਾ ਵਲੀ ਭਯੋ ਹੈ।
ਇਨ ਕੋ ਆਬਿ ਹਯਾਤ ਦਯੋ ਹੈ।
ਜਿਸ ਤੇ ਸੂਬਾ ਬਨਾ ਇਹ ਲੈ ਹੈ।
ਸੋ ਪਿਲਾਇ ਲੋਗਨ ਹੇ ਭਾਈ।
ਸਾਧਾਰਨ ਤੇ ਲੇ ਸਿੰਘ ਬਨਾਈ।
ਗਜ਼ਬ ਅਸਰ ਹਮ ਤਿਸ ਕਾ ਦੇਖਾ।
ਬੁਜ਼ਦਿਲ ਹੋਵਤ ਸ਼ੇਰ ਬਿਸੇਖਾ।...
ਰੋਵਣ ਪੀਟਣ ਕਬੀ ਨਾ ਜਾਨਤ।
ਇਕ ਅਕਾਲ ਕਾ ਭਾਣਾ ਮਾਨਤ।
ਬਿਨਾਂ ਵਾਹਿਗੁਰੂ ਨਾਮ ਉਚਾਰੈਂ।
ਕਦੇ ਨਾ ਕੁਛ ਮੁਖ ਮੈਂ ਇਹ ਡਾਰੈਂ।
ਧੰਨਯ ਵਾਹਿਗੁਰੂ ਇਹੁ ਕਹਿ ਲੈ ਹੈਂ।
ਬਾਤ ਬਾਤ ਮੈਂ ਇਹੀ ਅਲੈ ਹੈਂ—

ਜੋ ਗੁਰ ਕਰ ਹੈ ਸੋਈ ਥੇ ਹੈ।
ਦੁਖ ਸੁਖ ਵੀਰ ਨਫ਼ੈ ਨੁਕਸਾਨੈਂ।
ਭਾਣਾ ਗੁਰ ਕਾ ਖੁਸ਼ ਹੋ ਮਾਨੈਂ।

(ਪੰਥ ਪ੍ਰਕਾਸ਼, ਗਿ: ਗਿਆਨ ਸਿੰਘ ਜੀ)

ਸੋ ਉਸ ਸਮੇਂ ਸਭ ਸਿੰਘਾਂ ਦੇ ਦਿਲਾਂ ਵਿਚ ਭਾਈ ਸਿੰਘ ਜੀ ਦਾ ਵੱਡਾ ਸਤਿਕਾਰ ਸੀ। ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਮਗਰੋਂ ਕੋਈ ੨੨-੨੩ ਸਾਲ ਤਕ ਭਾਈ ਮਨੀ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਤੇ ਮਰਿਆਦਾ ਨੂੰ ਨਿਭਾਉਂਦੇ ਚਲੇ ਆ ਰਹੇ ਸਨ ਤੇ ਔਖ ਸੌਖ ਕੱਟ ਕੇ, ਵੀ ਉਹ ਇਸ ਸੇਵਾ ਤੋਂ ਹਟੇ ਨਹੀਂ ਸਨ, ਪਰ ਹੁਣ ਉਹ ਸੇਵਾ ਤੇ ਪਵਿੱਤਰਤਾ ਵੀ ਭੰਗ ਹੋ ਗਈ ਸੀ। ਰਾਤ ਬਰਾਤੇ ਜੇ ਕੋਈ ਸਿੰਘ ਸਰੋਵਰ ਵਿਚੋਂ ਇਸ਼ਨਾਨ ਕਰ ਕੇ ਹਰਿਮੰਦਰ ਸਾਹਿਬ ਨੂੰ ਪ੍ਰਨਾਮ ਕਰ ਜਾਂਦਾ, ਤਾਂ ਇਹ ਵੱਖਰੀ ਗੱਲ ਸੀ, ਪਰ ਭਾਈ ਸਾਹਿਬ ਦੀ ਗ੍ਰਿਫਤਾਰੀ ਮਗਰੋਂ ਹਰਿਮੰਦਰ ਸਾਹਿਬ ਨੂੰ ਜਿੰਦਰੇ ਲਾ ਦਿੱਤੇ ਸਨ, ਤੇ ਕੁਝ ਸਾਲਾਂ ਬਾਅਦ ਇਸ ਦੀ ਬੇਅਦਬੀ ਕਰਨੀ ਵੀ ਸ਼ੁਰੂ ਕਰ ਦਿੱਤੀ ਗਈ ਸੀ। ਮੱਸੇ ਰੰਘੜ ਦੇ ਸਮੇਂ ਤਕ ਸਰੋਵਰ ਦੀ ਉਂਝ ਭਾਵੇਂ ਬੇ-ਅਦਬੀ ਕਿਸੇ ਕੀਤੀ ਸੀ; ਪਰ ਇਸ ਨੂੰ ਪੂਰਿਆਂ ਨਹੀਂ ਸੀ, ਤੇ ਸਿੰਘ ਇਸ਼ਨਾਨ ਜ਼ਰੂਰ ਕਰ ਜਾਂਦੇ ਰਹੇ।

ਕੁਝ ਸਿੰਘਾਂ ਦੇ ਜਥੇ, ਜਦ ਭਾਈ ਮਨੀ ਸਿੰਘ ਜੀ ਗ੍ਰਿਫਤਾਰ ਹੋਏ, ਤਾਂ ਉਹ ਲਾਹੌਰ ਦੇ ਨੇੜੇ ਰਾਵੀ ਦੀਆਂ ਝੱਲਾਂ ਵਿਚ ਫਿਰ ਰਹੇ ਸਨ। ਇਨ੍ਹਾਂ ਜਥਿਆਂ ਦੀ ਮਿਲਾ ਕੇ, ਦੋ ਤਿੰਨ ਹਜ਼ਾਰ ਦੀ ਗਿਣਤੀ ਹੋ ਜਾਂਦੀ ਸੀ। ਇਸ ਜਥੇ ਦੇ ਸਿੰਘ ਭਾਈ ਮਨੀ ਸਿੰਘ ਜੀ ਬਾਰੇ ਰੋਜ਼ ਹੀ ਸੂਹਾਂ ਮੰਗਵਾਉਂਦੇ ਸਨ, ਪਰ ਛੇਤੀ ਹੀ, ਫੜੇ-ਜਾਣ ਤੋਂ ਪੰਜ-ਦਸ ਦਿਨਾਂ ਤੋਂ ਬਾਅਦ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ ਗਿਆ। ਜਿਸ ਦਿਨ ਨਿਖਾਧ ਚੌਕ ਵਿਚ, ਸ਼ਾਹੀ ਕਿਲ੍ਹੇ

ਦੇ ਨੇੜੇ ਹੀ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕੀਤਾ ਗਿਆ, ਹਜ਼ਾਰਾਂ ਲੋਕਾਂ ਨੇ ਭਾਈ ਸਾਹਿਬ ਦੀ ਦ੍ਰਿੜ੍ਹਤਾ, ਦਲੇਰੀ ਤੇ ਸਿੰਘਊ-ਪਣੇ ਦੀ ਸਪਿਰਟ ਨੂੰ ਦੇਖਿਆ, ਤਾਂ ਅਸ਼ ਅਸ਼ ਕਰ ਉਠੇ। ਜਲਾਦ ਨੇ ਪਹਿਲੇ ਹਥ ਹੀ ਕੱਟ ਦੇਣਾ ਚਾਹਿਆ, ਪਰ ਭਾਈ ਸਾਹਿਬ ਨੇ ਜਲਾਦ ਨੂੰ ਕਿਹਾ, 'ਤੂੰ ਆਪਣੇ ਮਾਲਕ ਦਾ ਹੁਕਮ ਕਿਉਂ ਨਹੀਂ ਪਾਲਦਾ?'

'ਹੁਕਮ ਪਾਲਣ ਕਰਕੇ ਹੀ ਤਾਂ ਤੁਹਾਨੂੰ ਕਤਲ ਕਰਨ ਲੱਗਾ ਹਾਂ।'

'ਤੈਨੂੰ ਕੀ ਹੁਕਮ ਹੈ?'

'ਅੰਗ ਅੰਗ ਵੱਖ ਕਰਨ ਦਾ।'

'ਫੇਰ ਤੂੰ ਹੁਕਮ ਤਾਂ ਪਾਲ ਨਹੀਂ ਰਿਹਾ!'

'ਕਿਵੇਂ?'

'ਇਕ ਦਮ ਹੱਥ ਨੂੰ ਗੁੱਟ ਤੋਂ ਕੱਟ ਦੇਣ ਲੱਗਾ ਹੈਂ?' ਕਿਉਂ? ਹੱਥ ਦੀਆਂ ਉਂਗਲਾਂ ਹਨ, ਤੇ ਉਂਗਲ ਦੇ ਤਿੰਨ ਹਿੱਸੇ ਹਨ। ਇਸ ਲਈ ਜੇ ਤੂੰ ਮਾਲਕ ਦਾ ਹੁਕਮ ਪਾਲਨਾ ਹੈ, ਤਾਂ ਉਂਗਲ ਉਂਗਲ ਦੇ ਤਿੰਨ ਟੋਟੇ ਕਰ।'

'ਠੀਕ ਹੈ' ਜਲਾਦ ਨੇ ਮੂੰਹ ਵਿਚ ਉਂਗਲ ਪਾ ਲਈ ਤੇ ਹੈਰਾਨ ਹੋ ਗਿਆ।

ਭਾਈ ਮਨੀ ਸਿੰਘ ਜੀ ਦੀ ਇਹ ਗੱਲ ਸੁਣ ਕੇ ਸਾਰੇ ਸੋਚਣ 'ਤੇ ਮਜਬੂਰ ਹੋ ਗਏ ਕਿ ਇਹ ਸਿੰਘ ਕਿਸ ਮਿੱਟੀ ਦੇ ਬਣੇ ਹੋਏ ਹਨ। ਮਰਨਾ ਹੈ ਪਰ ਏਨੀ ਤਕਲੀਫ ਨਾਲ ਮਰਨ 'ਤੇ ਵੀ ਖੁਸ਼ ਹੈ, ਤੇ ਆਪ ਆਖਦਾ ਹੈ ਕਿ ਮੇਰਾ ਪੋਟਾ ਪੋਟਾ ਕੱਟ ਕੇ ਮੈਨੂੰ ਮਾਰ।

'ਭਾਈ ਇਹਨਾਂ ਦੇ ਮੁਰਸ਼ਦ ਵੀ ਇਹੋ ਜੇਹੇ ਹੀ ਮਿਰਜ਼ੀ ਹੋਏ ਹਨ। ਇਹ ਆਪਣੇ ਮੁਰਸ਼ਦ ਦੀ ਕਲਾਮ 'ਤੇ ਜੀਉਂਦੇ ਹਨ ਤੇ ਉਨ੍ਹਾਂ ਦੀ ਦਿੱਤੀ ਸਿਖਿਆ 'ਤੇ ਚਲਦੇ ਹਨ।'

'ਇਸੇ ਲਈ ਤਾਂ ਇਨ੍ਹਾਂ ਨੂੰ ਖਾਨ ਬਹਾਦਰ, ਏਨੀਆਂ ਸਖਤੀਆਂ ਕਰ

ਕਰ ਕੇ ਵੀ ਖਤਮ ਨਹੀਂ ਕਰ ਸਕਿਆ। ਇਹ ਤਾਂ ਹੱਸ ਕੇ ਮੁਸੀਬਤਾਂ ਨੂੰ ਆਪ ਮੁੱਲ ਲੈਂਦੇ ਹਨ।'

'ਓ ਬਈ, ਤੁਸੀਂ ਨਹੀ ਸਮਝਦੇ। ਇਨ੍ਹਾਂ ਦੇ ਗੁਰੂ ਦੀ ਇਹ ਸਿਖਿਆ ਹੈ ਕਿ ਇਹ ਜੀਵਨ ਫਾਨੀ ਹੈ, ਫਾਨੀ ਜੀਵਨ ਬਦਲੇ ਧਰਮ ਨਹੀਂ ਛੱਡਣਾ, ਮਰਨਾ ਚੰਗਾ ਹੈ।'

ਭਾਈ ਮਨੀ ਸਿੰਘ ਜੀ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ। ਜਲਾਦ ਅੰਗ ਅੰਗ ਕੱਟੀ ਜਾ ਰਿਹਾ ਸੀ, ਤੇ ਵੇਖਣ ਵਾਲੇ ਆਪਣੀਆਂ ਗੱਲਾਂ ਕਰ ਕਰ ਸਿੱਖੀ-ਸਿਦਕ ਤੇ ਸਿੰਘ ਦੀ ਦਲੇਰੀ 'ਤੇ ਹੈਰਾਨ ਹੋ ਰਹੇ ਸਨ।'

ਜਲਾਦ ਨੇ ਬੜੀ ਕਾਹਲ ਕੀਤੀ। ਅੱਜ ਪਹਿਲੀ ਵਾਰ ਜਲਾਦ ਨੂੰ ਵੀ ਇਹ ਮਹਿਸੂਸ ਹੋਇਆ ਸੀ ਕਿ ਮੈਂ ਇਹ ਕੀ ਕਰ ਰਿਹਾ ਹਾਂ, ਮੈਨੂੰ ਮੇਰਾ ਖੁਦਾ ਕਿਵੇਂ ਬਖਸ਼ੇਗਾ? ਮੈਨੂੰ ਤਾਂ ਐਸੇ ਸਿੰਘ ਦਾ ਕਤਲ ਜ਼ਰੂਰ ਹੀ ਦੋਜ਼ਖਾਂ ਦੀ ਅੱਗ ਵਿਚ ਸਾੜੇਗਾ। ਪਰ ਸਿਰ ਉਤਰਦੇ ਤਕ ਭਾਈ ਮਨੀ ਸਿੰਘ ਜੀ ਬੜੇ ਪ੍ਰੇਮ ਨਾਲ ਪਾਠ ਕਰਦੇ ਰਹੇ ਤੇ ਅਖੀਰ 'ਤੇ 'ਜਿਨੀ ਨਾਮ ਧਿਆਇਆ' ਦੀ ਤੁਕ, ਸਿਰ ਲੱਥਣ ਤੋਂ ਬਾਅਦ ਵੀ ਦੋ ਵਾਰ ਸਭ ਲੋਕਾਂ ਨੇ ਪੜ੍ਹਦੇ ਸੁਣੀ, ਤੇ ਫੇਰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੀ ਅਵਾਜ਼ ਵੀ ਸੁਣੀ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦੁਪਹਿਰ ਸਮੇਂ ਹੋਈ। ਜੰਗਲ ਵਿਚ ਫਿਰਦੇ ਸਿੰਘਾਂ ਦੇ ਜਥਿਆਂ ਨੇ ਇਕ ਸੂਹੀਆ ਸਿੰਘ ਇਸ ਬਾਰੇ ਖਬਰ ਲੈਣ ਲਈ ਉਚੇਚਾ ਭੇਜਿਆ ਹੋਇਆ ਸੀ। ਸ਼ਹੀਦੀ ਹੁੰਦੀ ਸਿੰਘ ਨੇ ਦੇਖੀ ਤੇ ਉਸ ਵੇਖਿਆ ਕਿ ਅੱਜ ਪਹਿਲੀ ਵਾਰ ਬਹੁਤੇ ਮੁਸਲਮਾਨਾਂ ਦੀਆਂ ਅੱਖਾਂ ਵਿਚ ਹੰਝੂ ਆਏ ਹੋਏ ਸਨ। ਸੂਬੇ ਖਾਨ ਬਹਾਦਰ ਨੂੰ ਅੱਗੇ ਵੀ ਕਈ ਲੋਕ ਮਾੜਾ ਖਿਆਲ ਕਰਦੇ ਸਨ, ਪਰ ਅੱਜ ਤਾਂ ਕਈਆਂ ਨੇ ਉਨ੍ਹਾਂ ਮੁਫਤੀਆਂ ਕਾਜ਼ੀਆਂ ਨੂੰ ਵੀ ਬਹੁਤ ਬੁਰੇ ਖਿਆਲ ਕੀਤਾ, ਜਿਨ੍ਹਾਂ ਨੇ

ਭਾਈ ਮਨੀ ਸਿੰਘ ਜੀ ਨੂੰ ਇਸ ਤਰੀਕੇ ਨਾਲ ਕਤਲ ਕਰਨ ਦਾ ਫਤਵਾ ਦਿੱਤਾ ਸੀ।

ਸੂਹੀਆ ਸਿੰਘ ਲਾਹੌਰ ਵਿਚੋਂ ਨਿਕਲ ਕੇ ਘੋੜੇ 'ਤੇ ਸਵਾਰ ਹੋ ਗਿਆ ਤੇ ਘੋੜਾ ਸਰਪਟ ਦੁੜਾ ਲਿਆ। ਇਹ ਸਿੰਘਾਂ ਤੇ ਸਿੰਘਾਂ ਦੇ ਘੋੜਿਆਂ ਵਿਚ ਹੀ ਸਿਫਤ ਸੀ ਕਿ ਉਹ ਕੰਡਿਆਲੇ ਜੰਗਲਾਂ ਵਿਚ ਵੀ ਸਰਪਟ ਦੌੜ ਸਕਦੇ ਸਨ, ਜਿਥੇ ਮੁਸਲਮਾਨ ਫੌਜੀ ਤੁਰ ਵੀ ਨਹੀਂ ਸਕਦੇ ਸਨ, ਤੇ ਜੇ ਕੋਈ ਭੁੱਲਾ ਚੁੱਕਾ ਚਲਾ ਵੀ ਜਾਏ ਤਾਂ ਉਨ੍ਹਾਂ ਦੇ ਅਰਾਮ ਵਿਚ ਰਹਿਣ ਵਾਲੇ ਤੇ ਗੋਸ਼ਤ ਖਾ ਖਾ ਕੇ ਪਲੇ ਹੋਏ ਸਰੀਰ ਕੰਡਿਆਂ ਨਾਲ ਲਹੂ-ਲੂਹਾਨ ਹੋ ਕੇ ਜੰਗਲਾਂ ਵਿਚ ਹੀ ਫਸ ਜਾਂਦੇ ਤੇ ਸਿੰਘਾਂ ਹੱਥੋਂ ਮਾਰੇ ਜਾਂਦੇ ਸਨ।

ਸੂਹੀਏ ਸਿੰਘ ਨੇ ਦਿਨ ਛਿਪਣ ਤੋਂ ਪਹਿਲੇ ਹੀ ਜਥੇਦਾਰ ਨੂੰ ਖਬਰ ਜਾ ਦਿੱਤੀ ਕਿ ਭਾਈ ਮਨੀ ਸਿੰਘ ਜੀ ਸ਼ਹੀਦ ਕਰ ਦਿੱਤੇ ਗਏ ਹਨ, ਪਰ ਜਿਸ ਤਰੀਕੇ ਨਾਲ, ਇਸ ਸੰਤ-ਸੁਭਾਅ ਤੇ ਮਹਾਨ ਵਿਦਵਾਨ ਸਿੰਘ ਨੂੰ ਸ਼ਹੀਦ ਕੀਤਾ ਗਿਆ ਸੀ, ਇਹ ਸਾਰੇ ਹਾਲਾਤ ਸੁਣ ਕੇ ਸਿੰਘਾਂ ਦੇ ਡੌਲੇ ਫਰਕ ਉਠੇ ਤੇ ਅੱਖਾਂ ਵਿਚ ਖੂਨ ਉਤਰ ਆਇਆ। ਰਾਤ ਤਕ ਨੇੜੇ ਤੇੜੇ ਹੋਰ ਫਿਰਦੇ ਸਿੰਘਾਂ ਦੇ ਜਥਿਆਂ ਨੂੰ ਵੀ ਬੁਲਾ ਲਿਆ ਗਿਆ।

ਰਾਤ ਸਭ ਸਿੰਘਾਂ ਨੇ ਇਕੱਠਿਆਂ ਹੋ ਕੇ ਗੁਰਮਤਾ ਪਾਸ ਕੀਤਾ ਕਿ ਇਸ ਦਾ ਬਦਲਾ ਲੈਣਾ ਚਾਹੀਦਾ ਹੈ। ਤੇ ਬਦਲਾ ਜ਼ਰੂਰ ਹੀ ਲੈਣਾ ਚਾਹੀਦਾ ਹੈ। ਭਾਈ ਮਨੀ ਸਿੰਘ ਨੂੰ ਸ਼ਹੀਦ ਕਰਵਾਣ ਵਾਲੇ ਤੇ ਹੋਰ ਸਿੰਘਾਂ ਨੂੰ ਫਤਵੇ ਲਾ ਲਾ ਕੇ ਸ਼ਹੀਦ ਕਰਨ ਵਾਲੇ, ਇਨ੍ਹਾਂ ਮੁਫਤੀਆਂ, ਕਾਜ਼ੀਆਂ ਨੂੰ ਇਕ ਵਾਰੀ ਜ਼ਰੂਰ ਸੋਧਣਾ ਚਾਹੀਦਾ ਹੈ।

ਕੁਝ ਘੰਟੇ ਅਰਾਮ ਕਰ ਕੇ, ਸਿੰਘ ਅੰਮ੍ਰਿਤ ਵੇਲੇ ਹੀ ਜਾਗ ਪਏ। ਨਿਤਨੇਮ ਦੇ ਪਾਠ ਹੋਏ, ਸਿੰਘਾਂ ਨੇ ਵੱਖ-ਵੱਖ ਵੀ ਅਰਦਾਸਾਂ ਕੀਤੀਆਂ ਤੇ ਫਿਰ ਇਕ ਅਰਦਾਸ ਰਲ ਕੇ ਪੰਥ ਵੱਲੋਂ ਕੀਤੀ ਗਈ, ਭਾਈ ਮਨੀ ਸਿੰਘ

ਜੀ 'ਨਮਿਤ ਵੀ ਅਰਦਾਸ ਕੀਤੀ ਗਈ। 'ਜ਼ਾਲਮਾਂ ਨੂੰ ਸੋਧਣ ਦਾ ਬਲ ਦਿਓ' ਇਹ ਸਤਿਗੁਰੂ ਜੀ ਤੋਂ ਮੰਗ ਕੀਤੀ ਗਈ। ਗੁੱਸੇ ਦੇ ਭਰੇ ਪੀਤੇ ਸਿੰਘਾਂ ਨੇ ਜੰਗਲ ਦੇ ਮਿਰਗਾਂ ਤੇ ਹੋਰ ਸ਼ਿਕਾਰ ਕਰ ਕੇ ਦੇਗੇ ਰਿੰਨ੍ਹੇ ਤੇ ਅਲੂਣੇ ਹੀ ਛਕ ਲਏ, ਕੁਝ ਫਲ-ਫਲੀਆਂ ਖਾ-ਖਾ ਕੇ ਗੁਜ਼ਾਰਾ ਕੀਤਾ, ਪਰ ਅੰਨ ਕਿਥੋਂ ਪ੍ਰਾਪਤ ਕਰਦੇ? ਉਹ ਤਾਂ ਜੰਗਲ ਤੋਂ ਬਾਹਰੋਂ ਹੀ ਮਿਲ ਸਕਦਾ ਸੀ। ਪਰ ਬਾਹਰ ਨਿਕਲਣਾ ਨਹੀਂ ਸੀ ਮਿਲਦਾ, ਪਰ ਅੱਜ ਸਕੀਮ ਬਣਾਈ ਗਈ ਸੀ ਕਿ ਕੱਲ੍ਹ ਦੁਸ਼ਮਣਾਂ ਨੂੰ ਸੋਧ ਕੇ ਲੰਗਰ ਵੀ ਪੱਕੇ, ਕੜਾਹ ਪ੍ਰਸ਼ਾਦਿ ਵੀ ਬਣਨ ਤੇ ਖੁਲ੍ਹੇ ਗੱਫੇ ਵਰਤਣ। ਸੋ ਦਿਨ ਭਰ ਸਿੰਘ ਅਰਾਮ ਕਰ ਕੇ, ਲੌਢੇ ਕੁ ਵੇਲੇ ਨਾਲ ਲਾਹੌਰ ਵਾਲੇ ਪਾਸੇ ਜੰਗਲੋ ਜੰਗਲੀ ਤੁਰ ਪਏ। ਸੂਰਜ ਡੁੱਬਣ ਤਕ ਸਿੰਘ ਕਿਲ੍ਹੇ ਦੇ ਅਗਲੇ ਪਾਸੇ ਦਰਿਆ ਰਾਵੀ ਦੇ ਕਿਨਾਰੇ ਸ਼ਹਿਰ ਤੋਂ ੨-੩ ਮੀਲ ਦੂਰ ਤਕ ਆਣ ਪੁੱਜੇ। ਸਿੰਘ ਏਨੇ ਚੁੱਪ ਸਨ ਕਿ ਗੱਲਬਾਤ ਵੀ ਇਸ਼ਾਰੇ ਨਾਲ ਤੇ ਜਥੇਦਾਰ ਦਾ ਹੁਕਮ ਵੀ ਇਸ਼ਾਰੇ ਨਾਲ ਹੀ ਹੁੰਦਾ ਸੀ।

ਏਨੇ ਨੂੰ ਸਿੰਘਾਂ ਦਾ ਭੇਜਿਆ ਹੋਇਆ ਸੂਹੀਆ ਸਿੰਘ ਆਣ ਪੁੱਜਾ।

'ਕਿਵੇਂ ਗੱਲਬਾਤ ਹੈ?' ਜਥੇਦਾਰ ਜੀ ਨੇ ਪੁੱਛਿਆ।

'ਜ਼ਰਾ ਹੋਰ ਅੱਗੇ ਚੱਲੋ, ਹਨੇਰਾ ਹੀ ਹਨੇਰਾ ਹੈ, ਪਰ ਡੱਬੀ ਬਜ਼ਾਰ ਖੁਲ੍ਹਾ ਹੈ।'

'ਤੇ ਫੌਜ ਕੋਈ ਸ਼ਹਿਰ ਵਿਚ ਹੈ?'

'ਫੌਜ ਸਭ ਕਿਲ੍ਹੇ ਵਿਚ ਹੈ।'

'ਠੀਕ ਹੈ, ਅਜੇ ਤਾਂ ਕਿਲ੍ਹੇ ਵਿਚ ਖਾਣ ਪੀਣ ਦੇ ਪ੍ਰਬੰਧ ਹੀ ਹੋ ਰਹੇ ਹੋਣੇ ਹਨ।'

'ਹਾਂ ਸਗੋਂ ਉਹਨਾਂ ਨੂੰ ਤਾਂ ਚਿਤ-ਚੇਤਾ ਵੀ ਨਹੀਂ ਹੋਣਾ ਕਿ ਲਾਹੌਰ 'ਤੇ ਸਿੰਘ ਧਾਈ ਕਰ ਸਕਦੇ ਹਨ। ਸਗੋਂ ਇਹ ਸਮਾਂ ਤਾਂ ਬਹੁਤ ਹੀ ਚੰਗਾ ਸਮਾਂ ਹੈ। ਤੁਹਾਨੂੰ ਦੋ ਤਿੰਨ ਘੰਟੇ ਆਪਣਾ ਕੰਮ ਕਰਨ ਦਾ ਸਮਾਂ ਮਿਲ

ਜਾਏਗਾ। ਸੋ ਹੁਣ ਦੇਰ ਨਾ ਕਰੋ, ਛਾਪਾ ਮਾਰੋ। ਡੱਬੀ ਬਜ਼ਾਰ ਦੇ ਅੱਗੇ ਕਾਜ਼ੀਆਂ ਮੁਫਤੀਆਂ ਦਾ ਵੱਡਾ ਮਹੱਲ ਹੈ। ਅਸਾਂ ਤਾਂ ਉਹਨਾਂ ਨੂੰ ਹੀ ਬਹੁਤੀ ਸਜ਼ਾ ਦੇਣੀ ਹੈ। ਸੋ ਆਪਣਾ ਕੰਮ ਕਰੋ, ਧਾਈ ਕਰ ਕੇ ਫਿਰ ਇਸੇ ਰਸਤੇ ਮੁੜ ਆਉਣਾ।

ਜਥੇਦਾਰ ਜੀ ਨੇ ਉਸੇ ਵੇਲੇ ਹਜ਼ਾਰ ਸਿੰਘਾਂ ਨੂੰ ਵੱਖ ਕਰ ਦਿੱਤਾ, ਤੇ ਉਹਨਾਂ ਦੀ ਡਿਊਟੀ ਸਿਰਫ ਰਾਸ਼ਨ ਪਾਣੀ ਇਕੱਠੇ ਕਰਨ ਦੀ ਲਾਈ, ਤੇ ਬਾਕੀ ਦੋ ਹਜ਼ਾਰ ਸਿੰਘਾਂ ਦਾ ਜਥਾ ਕੇਵਲ ਜ਼ਾਲਮਾਂ ਕੂਟਨੀਤੀਆਂ ਵਾਲੇ ਬੰਦਿਆਂ ਨੂੰ ਸੋਧਣ ਲਈ ਤਿਆਰ ਕਰ ਦਿੱਤਾ। ਸਿੰਘ ਅੱਗੇ ਵਧ ਕੇ ਜੰਗਲੋਂ ਬਾਹਰ ਨਿਕਲ ਆਏ ਤੇ ਟਿਬੀ ਬਜ਼ਾਰ ਵਿਚ ਐਨ ਕਿਲ੍ਹੇ ਦੇ ਨਾਲ ਵਾਲੇ ਬਜ਼ਾਰ ਵਿਚੋਂ ਸ਼ਹਿਰ ਵਿਚ ਦਾਖਲ ਹੋ ਗਏ। ਨਵਾਬ ਜਾਂ ਕਿਸੇ ਮੁਸਲਮਾਨ ਫ਼ੌਜੀ ਅਧਿਕਾਰੀ ਨੂੰ ਸੁਪਨੇ ਵਿਚ ਵੀ ਐਸਾ ਖਿਆਲ ਨਹੀਂ ਸੀ ਕਿ ਸਿੰਘ ਲਾਹੌਰ ਉਤੇ ਹਮਲਾ ਕਰਨ ਦੀ ਏਨੀ ਦਲੇਰੀ ਕਰ ਸਕਦੇ ਹਨ।

ਸਿੰਘ ਅੱਧੇ ਘੰਟੇ ਦੇ ਵਿਚ ਵਿਚ ਚੁੱਪ ਕੀਤੇ ਹੀ ਡੱਬੀ ਬਜ਼ਾਰ ਲੰਘ ਕੇ ਅੱਗੇ ਕਾਜ਼ੀਆਂ ਦੇ ਮਹੱਲੇ ਨੂੰ ਹੀ ਸਿੱਧੇ ਜਾ ਕੇ ਪਏ। ਫੜ ਫੜ ਕੇ ਮੁਫਤ ਦਾ ਮਾਲ ਖਾਣ ਵਾਲੇ, ਤੇ ਸ਼ਰ੍ਹਾ ਦੇ ਨਾਮ 'ਤੇ ਪਾਪ ਕਮਾਣ ਵਾਲੇ ਕਾਜ਼ੀਆਂ ਦੀ ਸ਼ਾਮਤ ਲੈ ਆਂਦੀ, ਕਿਸੇ ਕਾਜ਼ੀ ਜਾਂ ਮੁਫਤੀ ਨੂੰ ਗੱਲ ਕਰਨ ਦਾ ਮੌਕਾ ਵੀ ਨਹੀਂ ਸੀ ਦਿੱਤਾ ਜਾਂਦਾ, ਤੇ ਤਲਵਾਰ ਉਹਨਾਂ ਦੇ ਸਿਰ ਧੜ ਨਾਲੋਂ ਜੁਦਾ ਕਰੀ ਜਾਂਦੀ ਸੀ। ਏਧਰ ਦੋ ਹਜ਼ਾਰ ਸਿੰਘਾਂ ਦਾ ਜਥਾ ਤਾਂ ਏਸ ਕੰਮੇ ਲੱਗਾ ਪਿਆ ਤੇ ਹਜ਼ਾਰ ਸਿੰਘ ਰਾਸ਼ਨ ਪਾਣੀ ਇਕੱਠਾ ਕਰਨ ਲੱਗੇ। ਡੱਬੀ ਬਜ਼ਾਰ ਤੇ ਹੋਰ ਆਲੇ-ਦੁਆਲੇ ਦੇ ਇਲਾਕੇ ਵਿਚ ਜਿਥੋਂ ਵੀ ਗੁੜ, ਸ਼ੱਕਰ, ਆਟਾ, ਲੂਣ, ਤੇਲ, ਘਿਓ ਜਾਂ ਜੋ ਕੁਝ ਵੀ ਹੋਰ ਇਹੋ ਜਿਹਾ ਸਾਮਾਨ ਲੱਭਾ, ਚੁਕ ਲਿਆ, ਜੋ ਅੜਿਆ ਸੋ ਝਾੜ ਦਿੱਤਾ, ਤੇ ਜੋ ਨਿੰਵ ਗਿਆ ਉਸ ਨੂੰ ਕੁਝ ਨਹੀਂ ਕਿਹਾ। ਏਸ ਤਰ੍ਹਾਂ ਇਕ ਘੰਟਾ ਭਰ

ਸਿੰਘਾਂ ਨੇ ਤੇਗ ਦੇ ਖੂਬ ਜੌਹਰ ਵਿਖਾਏ। ਸ਼ਹਿਰ ਵਿਚ ਹਾਹਾਕਾਰ ਮੱਚ ਚੁਕੀ ਸੀ ਤੇ ਖਾਸ ਕਰਕੇ ਕਾਜ਼ੀ ਮਹੱਲੇ ਦੀ ਚੀਖ ਪੁਕਾਰ ਨੇ ਤਾਂ ਸਾਰੇ ਸ਼ਹਿਰ ਨੂੰ ਗੂੰਜਾ ਦਿੱਤਾ ਸੀ।

ਪੂਰੇ ਡੇਢ ਘੰਟੇ ਦੋ ਘੰਟੇ ਬਾਅਦ ਕਿਲ੍ਹੇ ਵਿਚ ਖਬਰ ਪੁੱਜੀ ਕਿ ਸਿੰਘਾਂ ਨੇ ਸਭ ਕਾਜ਼ੀ ਮੌਲਵੀ ਮਾਰ ਦਿੱਤੇ ਹਨ। ਸ਼ਾਹੀ ਕਾਜ਼ੀ ਨੂੰ ਤਾਂ ਸਿੰਘਾਂ ਨੇ ਬਹੁਤ ਬੁਰੀ ਤਰ੍ਹਾਂ ਮਾਰਿਆ ਹੈ। ਉਹ ਆਖੀ ਜਾਂਦੇ ਸਨ ਕਿ ਅਸਾਂ ਭਾਈ ਮਨੀ ਸਿੰਘ ਦੇ ਕਾਤਲਾਂ ਨੂੰ ਛੱਡਣਾ ਨਹੀਂ, ਫਤਵੇ ਦੇਣ ਵਾਲੇ ਕਾਜ਼ੀ ਮੌਲਵੀ ਫਨਾਹ ਕਰ ਦੇਣੇ ਹਨ। ਇਸ ਲਈ ਛੇਤੀ ਕਰੋ, ਫੌਜ ਭੇਜੋ, ਸਿੰਘਾਂ ਦਾ ਅੱਗਾ ਰੋਕੋ, ਨਹੀਂ ਤਾਂ ਉਹ ਕਿਸੇ ਨੂੰ ਜੀਊਂਦਾ ਛੱਡਣ ਨਹੀਂ ਲੱਗੇ। ਕਿਲ੍ਹੇ ਵਿਚ ਵਿਸਲ ਵੱਜੇ, ਫੌਜ ਨੂੰ ਝਟਾ ਪਟ ਤਿਆਰ ਕੀਤਾ ਗਿਆ। ਸਿੰਘ ਕਿਹੜੇ ਪਾਸੇ ਹਨ, ਹਨੇਰੇ ਸਮੇਂ ਇਸ ਗੱਲ ਦਾ ਹੀ ਪਤਾ ਨਹੀਂ ਸੀ ਲੱਗਦਾ। ਸੋ ਉਹਨਾਂ ਨੇ ਰੌਸ਼ਨੀ ਕਰਨ ਵਾਲੇ ਗੋਲੇ ਅਸਮਾਨ ਵਿਚ ਛੱਡੇ ਤੇ ਫੌਜ ਕਿਲ੍ਹਿਓਂ ਬਾਹਰ ਨਿਕਲੀ। ਸਿੰਘ ਇਸ ਸਮੇਂ ਆਪਣਾ ਕੰਮ ਕਰ ਚੁਕੇ ਸਨ। ਰੌਸ਼ਨੀ ਵੇਖਦੇ ਹੀ ਜਥੇਦਾਰ ਜੀ ਨੇ 'ਖਾਲਸਾ ਹਰਨ ਹੋ ਜਾਏ' ਦਾ ਆਵਾਜ਼ਾ ਦਿੱਤਾ। ਫੌਜ ਕਿਲ੍ਹਿਓਂ ਨਿਕਲ ਕੇ ਡੱਬੀ ਬਜ਼ਾਰ ਵਾਲੇ ਪਾਸੇ ਹੋ ਤੁਰੀ, ਤੇ ਖਾਲਸਾ ਜੀ ਬਾਹਰ ਨੂੰ ਹਰਨ ਹੋ ਰਹੇ ਸਨ। ਫੌਜ ਦੇ ਪੁੱਜਣ ਤੋਂ ਪਹਿਲੇ ਖਾਲਸਾ ਹਰਨ ਹੋ ਕੇ ਲਾਹੌਰੋਂ ਬਾਹਰ ਨਿਕਲ ਕੇ ਜੰਗਲ ਵੱਲ ਜਾ ਰਿਹਾ ਸੀ। ਕੋਈ ਰੁਕਾਵਟ ਪਈ ਹੀ ਨਾ, ਸਿੰਘ ਅਚਨਚੇਤ ਆਏ, ਹਜ਼ਾਰਾਂ ਕਤਲ ਕਰ ਕੇ ਫਿਰ ਮੱਖਣ ਵਿਚੋਂ ਵਾਲ ਵਾਂਗ ਨਿਕਲ ਗਏ। ਕਾਜ਼ੀ ਮਹੱਲੇ ਵਿਚ ਲਾਸ਼ਾਂ ਦੇ ਢੇਰ ਤੇ ਰਾਸ਼ਨ ਦੀਆਂ ਦੁਕਾਨਾਂ ਖਾਲੀ ਵੇਖ ਸਭ ਮੂੰਹਾਂ ਵਿਚ ਉਂਗਲਾਂ ਪੈ ਗਈਆਂ।

****

੩.

ਦਿਨ ਚੜ੍ਹੇ ਸੂਬੇ ਖਾਨ ਬਹਾਦਰ ਦਾ ਦਰਬਾਰ ਲੱਗਾ। ਬਚੇ ਖੁਚੇ ਕਾਜ਼ੀ ਮੌਲਵੀ ਆਏ, ਕਈਆਂ ਦੇ ਪੱਟੀਆਂ ਬੱਧੀਆਂ ਸਨ। ਖਾਨ ਬਹਾਦਰ ਇਕ ਕਾਜ਼ੀ ਵੱਲ ਵੇਖ ਕੇ ਬੋਲਿਆ- 'ਤੁਹਾਡੇ ਮਹੱਲੇ ਵਿਚ, ਸ਼ਹਿਰ ਦੇ ਵਿਚਕਾਰ ਸਿੰਘ ਦਗੜ-ਦਗੜ ਕਰਦੇ ਆਏ, ਪਰ ਤੁਹਾਨੂੰ ਪਤਾ ਹੀ ਨਾ ਲੱਗਾ? ਬੜੀ ਹੈਰਾਨੀ ਦੀ ਗੱਲ ਹੈ।'

'ਜਨਾਬ ਅਲੀ! ਖੌਰੇ ਉਹ ਕਿਵੇਂ ਆਏ? ਸਾਡੇ ਮਹੱਲੇ ਵਿਚ ਤਾਂ ਐਉਂ ਆਏ ਜਾਪਦੇ ਸਨ, ਜਿਵੇਂ ਉਹ ਅਸਮਾਨ ਵਿਚੋਂ ਉਤਰੇ ਸਨ।'

'ਜਨਾਬ! ਇਹੋ ਤੇ ਗੱਲ ਏ! ਸਿੰਘਾਂ ਦੀ ਫੁਰਤੀ ਤੇ ਝਪਟ-ਬਾਜ਼ੀ ਸੱਚਮੁਚ ਹੀ ਸ਼ੇਰ ਵਾਲੀ ਏ, ਓਦੋਂ ਹੀ ਪਤਾ ਲੱਗਦਾ ਏ, ਜਦੋਂ ਆ ਹੀ ਪੈਂਦੇ ਹਨ।'

'ਪਰ ਏਨੀ ਦਲੇਰੀ! ਲਾਹੌਰ ਵਰਗੇ ਸਾਡੀ ਤਾਕਤ ਦੇ ਗੜ੍ਹ ਵਿਚ ਜੇ ਉਹ ਐਸੀ ਮਾਰ, ਮਾਰ ਸਕਦੇ ਹਨ, ਤਾਂ ਹੋਰਥੇ ਕਿਥੇ ਘੱਟ ਗੁਜ਼ਾਰਦੇ ਹੋਣਗੇ? ਪਰ ਸਾਡੇ ਬੰਦੇ ਵੀ ਸਾਨੂੰ ਗਲਤ ਰਿਪੋਰਟਾਂ ਦੇਂਦੇ ਹਨ, ਉਹ ਸਿੰਘਾਂ ਦੀ ਪੂਰੀ ਖਬਰ ਨਹੀਂ ਦੇਂਦੇ, ਨਹੀਂ ਤਾਂ ਸਿੰਘਾਂ ਦੀ ਕੀ ਮਜਾਲ ਹੈ ਜੋ ਐਸਾ ਕਰ ਸਕਣ!'

ਫਿਰ ਇਸ ਦਾ ਕੀ ਇਲਾਜ ਕੀਤਾ ਜਾਏ? ਕੋਲੋਂ ਇਕ ਹਜ਼ੂਰੀਆ ਬੋਲਿਆ।

ਇਲਾਜ ਕੀ ਕਰਨਾ ਹੈ, ਸਭ ਪਿੰਡਾਂ ਦੇ ਪੈਂਚ, ਨੰਬਰਦਾਰ ਤੇ ਚੌਧਰੀ ਬੁਲਾਓ, ਉਹਨਾਂ ਦੇ ਕੰਨ ਖਿੱਚੀਏ।

'ਜ਼ਰੂਰ, ਜ਼ਰੂਰ! ਸੱਚਮੁਚ ਹੀ ਇਹ ਨੰਬਰਦਾਰ ਤੇ ਚੌਧਰੀ ਲੋਕ ਤਾਂ ਇਸ ਗੱਲ ਦਾ ਖਿਆਲ ਨਹੀਂ ਕਰਦੇ। ਆਮ ਸਿੰਘ ਪਿੰਡਾਂ ਵਿਚ ਆਉਂਦੇ ਜਾਂਦੇ ਹਨ, ਤਾਂ ਰਾਤਾਂ ਗੁਜ਼ਾਰ ਕੇ ਦਿਨ ਚੜ੍ਹਦੇ ਨੂੰ ਨਿਕਲ ਜਾਂਦੇ ਹਨ, ਪਰ ਕੋਈ ਉਹਨਾਂ ਨੂੰ ਪਕੜਾਂਦਾ ਨਹੀਂ, ਉਨ੍ਹਾਂ ਦੀ ਖਬਰ ਤਕ ਨਹੀਂ ਦੇਂਦਾ, ਸੋ ਇਨ੍ਹਾਂ ਨੂੰ ਡਾਂਟਣਾ ਚਾਹੀਦਾ ਹੈ, ਜੁਰਮਾਨੇ ਕਰਨੇ ਚਾਹੀਦੇ ਹਨ।' ਇਕ ਹੋਰ ਜੀ-ਹਜ਼ੂਰੀਏ ਨੇ ਕੋਲੋਂ ਹੋਰ ਪੱਕੀ ਕੀਤੀ।

'ਖਾਨ ਸਾਹਿਬ! ਕਹਿਣ ਸੁਣਨ ਨਾਲ ਗੱਲ ਨਹੀਂ ਬਣਨੀ। ਇਨ੍ਹਾਂ ਨੂੰ ਜੁਰਮਾਨੇ ਲਾਉਣ ਤੇ ਨੌਕਰੀਓਂ ਹਟਾਣ ਦੇ ਡਰ ਦਿਓ, ਤਾਂ ਇਹ ਚੌਕਸ ਹੋ ਕੇ ਇਸ ਕੰਮ ਨੂੰ ਕਰਨਗੇ।' ਕੋਲੋਂ ਇਕ ਹੋਰ ਨੇ ਹਾਮੀ ਭਰੀ।

ਖਾਨ ਬਹਾਦਰ ਨੇ ਕਿਹਾ- 'ਠੀਕ ਹੈ, ਸਭ ਪਿੰਡਾਂ ਦੇ ਨੰਬਰਦਾਰਾਂ ਨੂੰ ਸੱਦਦੇ ਹਾਂ।'

ਸਭ ਚੌਧਰੀਆਂ ਤੇ ਨੰਬਰਦਾਰਾਂ ਨੂੰ ਸਰਕਾਰੀ ਹੁਕਮ ਭੇਜੇ ਗਏ। ਦਿਨ ਮੁਕੱਰਰ ਕਰ ਕੇ ਇਕ ਖਾਸ ਦਿਨ 'ਤੇ ਇਹਨਾਂ ਸਭਨਾਂ ਨੂੰ ਸੱਦ ਲਿਆ ਗਿਆ। ਸੋ ਸੈਂਕੜੇ ਚੌਧਰੀ ਤੇ ਨੰਬਰਦਾਰ ਉਸ ਦਿਨ ਆਣ ਪੁੱਜੇ। ਲਾਹੌਰ ਦੀ ਕਟਾ ਵੱਢ ਦੀ ਖਬਰ ਅੱਗੇ ਹੀ ਸਭ ਪਾਸੇ ਫੈਲ ਚੁਕੀ ਸੀ ਅਤੇ ਇਹ ਖਬਰ ਵੀ ਇਨ੍ਹਾਂ ਸਰਕਾਰੀ ਚੌਧਰੀਆਂ ਆਦਿ ਨੂੰ ਮਿਲ ਗਈ ਸੀ ਕਿ ਸੂਬੇਦਾਰ ਸਾਡੇ ਨਾਲ ਵਿਗੜ ਗਿਆ ਹੈ। ਜਿਨ੍ਹਾਂ ਪਿੰਡਾਂ ਵਿਚ ਸਿੰਘ ਆਉਂਦੇ ਸਾਬਤ ਹੋ ਜਾਣਗੇ, ਉਥੋਂ ਦੇ ਨੰਬਰਦਾਰਾਂ ਤੇ ਚੌਧਰੀਆ ਨੂੰ ਜੁਰਮਾਨੇ ਹੋਣਗੇ। ਖਾਸ ਕਰਕੇ ਹਿੰਦੂ ਚੌਧਰੀਆਂ ਤੇ ਨੰਬਰਦਾਰਾਂ ਨੂੰ ਬਹੁਤਾ ਡਰ ਲੱਗ ਰਿਹਾ ਸੀ। ਪਰ ਜ਼ਕਰੀਆਂ ਖਾਂ ਸੂਬੇਦਾਰ

ਬਹੁਤ ਚਾਲਬਾਜ਼ ਤੇ ਸਿਆਣਾ ਸੀ। ਇਸ ਦੇ ਚਲਾਕ ਹੋਣ ਕਰਕੇ ਹੀ ਜਲੰਧਰ ਤੇ ਮੁਲਤਾਨ ਦੇ ਸੂਬੇਦਾਰ ਇਸ ਦੇ ਅਧੀਨ ਕਰ ਦਿੱਤੇ ਗਏ ਸਨ ਅਰ ਇਹ ਬਾਦਸ਼ਾਹ ਦੇ ਬੜਾ ਹੀ ਨੇੜੇ ਸੀ। ਇਸ ਨੇ ਕੋਸ਼ਿਸ਼ ਕਰ ਕੇ ਸਿੰਘਾਂ ਨੂੰ ਨਵਾਬੀ ਦੀ ਖਿਲਅਤ ਦਿਵਾਈ ਸੀ। ਪਰ ਦੋ ਕੁ ਸਾਲ ਮਗਰੋਂ ਹੀ ਚਾਲਬਾਜ਼ੂ ਨੇ ਅਚਾਨਕ ਹੀ ਸਿੰਘਾਂ ਦੀ ਜਾਗੀਰ ਜ਼ਬਤ ਕਰ ਲਈ ਤੇ ਕਤਲੋ-ਗਾਰਤ ਸ਼ੁਰੂ ਕਰ ਦਿੱਤੀ ਸੀ। ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਮਗਰੋਂ ਇਸੇ ਦਿਨ ਤੋਂ ਸਿੰਘਾਂ (ਤਤ ਖਾਲਸੇ) 'ਤੇ ਮੁਸੀਬਤ ਦੇ ਦਿਨ ਆ ਗਏ ਸਨ, ਪਰ ਭਾਈ ਮਨੀ ਸਿੰਘ ਜੀ ਬੜੀ ਤਰਕੀਬ ਨਾਲ ਅਰ ਸਰਬ ਸਾਂਝੇ ਬਣ ਕੇ ਹਰਿਮੰਦਰ ਸਾਹਿਬ ਦੀ ਸੇਵਾ ਕਰਦੇ ਆ ਰਹੇ ਸਨ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਮਗਰੋਂ ਹੀ ਭਾਈ ਤਾਰਾ ਸਿੰਘ ਤਲਵੰਡੀ ਵਾਲਿਆਂ ਨੂੰ ਸਾਹਿਬ ਚੰਦ ਨੌਸ਼ਹਿਰੇ ਦੇ ਚੌਧਰੀ ਨੇ ਸ਼ਹੀਦ ਕਰਵਾਇਆ ਸੀ, ਪਰ ਇਹ ਤਾਂ ਬਹਾਦਰਾਂ ਵਾਲੀ ਸ਼ਹੀਦੀ, ਸ਼ਹੀਦ ਹੋਏ ਸਨ। ਲਾਹੌਰ ਤੋਂ ਆਈ ਪੰਜ ਹਜ਼ਾਰ ਫ਼ੌਜ ਦੇ ਜਰਨੈਲ ਤਕੀ ਬੇਗ ਨੂੰ ਮਾਰ ਕੇ ਤੇ ੪੦-੫੦ ਸਿੰਘਾਂ ਦੀ ਮਦਦ ਨਾਲ, ਹਜ਼ਾਰਾਂ ਦੁਸ਼ਮਣਾਂ ਨੂੰ ਮਾਰ ਅਤੇ ਜ਼ਖਮੀ ਕਰ ਕੇ, ਪੁਰਜ਼ਾ ਪੁਰਜ਼ਾ ਹੋ ਕੇ, ਮੈਦਾਨਿ-ਜੰਗ ਵਿਚ ਸ਼ਹੀਦ ਹੋਏ ਸਨ। ਤਕੀ ਬੇਗ ਨੂੰ ਆਪਣੀ ਸੰਜੋਅ (ਲੋਹੇ ਦੀ ਬਰਦੀ) 'ਤੇ ਬੜਾ ਮਾਣ ਸੀ ਤੇ ਉਹ ਭਾਈ ਤਾਰਾ ਸਿੰਘ ਨੂੰ ਜੀਉਂਦੇ ਫੜਨ ਲਈ ਅੱਗੇ ਵਧਦਾ ਆ ਰਿਹਾ ਸੀ, ਪਰ ਉਸ ਦੇ ਮੱਥੇ ਤੋਂ ਹੇਠਲਾ ਤੇ ਠੋਡੀ ਤੋਂ ਉਤਲਾ ਹਿੱਸਾ ਨੰਗਾ ਸੀ। ਭਾਈ ਤਾਰਾ ਸਿੰਘ ਜੀ ਨੇ ਆਪਣੀ ਤੇਗ ਦੀ ਨੋਕ ਉਸ ਦੇ ਮੂੰਹ ਵਿਚ ਧਸਾ ਕੇ ਉਸ ਦਾ ਮੂੰਹ ਲਹੂ-ਲੁਹਾਨ ਕਰ ਦਿੱਤਾ ਤੇ ਉਸ ਨੂੰ ਮੈਦਾਨਿ-ਜੰਗ ਵਿਚੋਂ ਭੱਜਣ 'ਤੇ ਮਜਬੂਰ ਕਰ ਦਿੱਤਾ ਸੀ।

ਸੋ ਸਾਹਿਬ ਚੰਦ ਵਰਗੇ ਚੌਧਰੀ ਤੇ ਚੁਗਲ ਤਾਂ ਅੱਗੇ ਹੀ ਸਿੰਘਾਂ

ਦੇ ਸਖਤ ਵੈਰੀ ਤੇ ਲਹੂ ਦੇ ਤਿਹਾਏ ਸਨ. ਪਰ ਹੁਣ ਚਲਾਕ ਖਾਨ ਬਹਾਦਰ ਨੇ ਰਾਜਨੀਤੀ ਵਰਤੀ। ਆਮ ਚੌਧਰੀਆਂ ਨੂੰ ਤਾਂ ਇਹੀ ਡਰ ਸੀ ਕਿ ਸਾਨੂੰ ਸਜ਼ਾਵਾਂ ਮਿਲਣਗੀਆਂ, ਪਰ ਜਦ ਖਾਨ ਬਹਾਦਰ ਦੀ ਕਚਹਿਰੀ ਵਿਚ ਸਭ ਚੌਧਰੀ ਤੇ ਨੰਬਰਦਾਰ ਆਣ ਜੁੜੇ ਤਾਂ ਉਸ ਨੇ ਕਿਹਾ-

'ਤੁਹਾਡੇ ਬਾਰੇ ਸਾਨੂੰ ਸ਼ਿਕਾਇਤਾਂ ਪੁੱਜੀਆਂ ਹਨ ਕਿ ਤੁਸੀਂ ਸਿੰਘਾਂ ਦੀ ਮਦਦ ਕਰਦੇ ਹੋ।'

'ਮਦਦ? ਅਸੀਂ?'

'ਹਾਂ, ਹਾਂ, ਤੁਸੀਂ! ਜੇ ਮਦਦ ਨਾ ਕਰਦੇ ਹੋਵੋ, ਤਾਂ ਸਿੰਘ ਇਸ ਤਰ੍ਹਾਂ ਫਿਰ ਸਕਦੇ ਹਨ?'

'ਪਰ ਕਿਸੇ ਦਾ ਨਾਂ ਤਾਂ ਲਓ, ਕਿ ਸਾਰੇ ਹੀ?'

'ਤੁਸੀਂ ਸਾਰੇ ਹੀ ਹੋ. ਯਾਦ ਰੱਖੋ, ਤੁਹਾਨੂੰ ਸਭਨਾਂ ਨੂੰ ਸਜ਼ਾਵਾਂ ਮਿਲਣਗੀਆਂ। ਹੁਣ ਮੈਂ ਸਾਰੇ ਸਿੰਘਾਂ ਦੇ ਨਾਲ ਨਾਲ ਤੁਹਾਡੇ ਮਗਰ ਵੀ ਸੂਹੀਏ ਰੱਖਾਂਗਾ। ਜਿਸ ਪਿੰਡ ਵਿਚ ਸਾਬਤ ਹੋਇਆ ਕਿ ਸਿੰਘ ਆਉਂਦੇ ਹਨ ਤੇ ਨੰਬਰਦਾਰ ਜਾਂ ਚੌਧਰੀ ਪਰਵਾਹ ਨਹੀਂ ਕਰਦੇ, ਉਹਨਾਂ ਦੀ ਖਬਰ ਨਹੀਂ ਦੇਂਦੇ, ਤੇ ਫੜਾਉਂਦੇ ਨਹੀਂ, ਉਹਨਾਂ ਦੀ ਨੰਬਰਦਾਰੀ ਖੋਹ ਕੇ, ਚੌਧਰੀਪੁਣਾ ਖੋਹ ਕੇ, ਕਿਸੇ ਹੋਰਸ ਦੇ ਹਵਾਲੇ ਕੀਤਾ ਜਾਏਗਾ ਅਤੇ ਫ਼ੌਜ ਦਾ ਖਰਚਾ ਅਰ ਤਵਾਨ ਉਹਨਾਂ ਦੇ ਸਿਰ ਪਾ ਦਿੱਤਾ ਜਾਏਗਾ। ਇਹ ਜੋ ਸਿੰਘਾਂ ਦੀ ਭਾਲ ਵਿਚ ਮੈਂ ਫ਼ੌਜੀ ਦਸਤੇ ਥਾਂ ਥਾਂ ਬਿਠਾ ਰੱਖੇ ਹਨ, ਉਹ ਕੀ ਕਰਨ ਜੇ ਤੁਸੀਂ ਉਹਨਾਂ ਦੇ ਕੰਮ ਵਿਚ ਉਹਨਾਂ ਦੀ ਸਹਾਇਤਾ ਨਾ ਕਰੋਗੇ?'

'ਸਾਨੂੰ ਜਦੋਂ ਪਤਾ ਲੱਗੇ, ਅਸੀਂ ਤਾਂ ਉਸ ਵੇਲੇ ਖਬਰ ਦੇਂਦੇ ਹਾਂ, ਤੇ ਸਿੰਘ ਫੜਵਾਂਦੇ ਵੀ ਹਾਂ।'

'ਪਰ ਇਹ ਹੁਣ ਕਿਥੋਂ ਆ ਗਏ? ਲਾਹੌਰ ਵਰਗੇ ਸ਼ਹਿਰ ਸਾਡੀ ਰਾਜਧਾਨੀ ਵਿਚ ਕਤਲੋ ਗਾਰਤ ਕਰ ਗਏ ਹਨ, ਦੱਸੋ ਇਹ ਕੌਣ ਹਨ?

ਦਰਅਸਲ ਤੁਸੀਂ ਕੋਸ਼ਿਸ਼ ਕਰ ਕੇ ਪਤਾ ਨਹੀਂ ਰੱਖਦੇ। ਭਲਾ ਰਾਤ ਬਿਰਾਤ ਫਿਰਨ ਵਾਲੇ ਸਿੰਘਾਂ ਦਾ ਤੁਹਾਨੂੰ ਸੁੱਤੇ ਪਿਆਂ ਨੂੰ ਪਤਾ ਕਿਵੇਂ ਲੱਗ ਜਾਵੇ?'

'ਫਿਰ ਕੀ ਕਰੀਏ?'

'ਪਹਿਰੇਦਾਰ ਰੱਖੋ ਤੇ ਤਕੜਾਈ ਕਰੋ।'

ਇਹ ਸੁਣ ਕੇ ਕਈਆਂ ਨੇ ਦੱਸਿਆ ਕਿ ਅਸਾਂ ਪਹਿਰੇਦਾਰ ਰੱਖੇ ਹਨ ਤੇ ਜਿਨ੍ਹਾਂ ਨੇ ਨਹੀਂ ਰੱਖੇ ਸਨ, ਉਹਨਾਂ ਨੇ ਅੱਗੋਂ ਪਹਿਰੇਦਾਰ ਰੱਖ ਕੇ, ਰਾਤ ਸਮੇਂ ਦੀ ਤਕੜਾਈ ਕਰਨ ਦੇ ਬਚਨ ਦਿੱਤੇ।

ਸੂਬੇਦਾਰ ਨੇ ਕਿਹਾ- 'ਦੇਖੋ, ਜੇ ਮੈਂ ਅਣਗਹਿਲੀ ਕਰਨ ਵਾਲਿਆਂ ਸਿੰਘਾਂ ਨੂੰ ਪਕੜਾਉਣ ਵਾਲਿਆਂ ਨੂੰ ਇਨਾਮ ਵੀ ਦਿਆਂਗਾ। ਇਸ ਲਈ ਤਕੜੇ ਹੋ ਕੇ ਕੰਮ ਕਰੋ। ਇਹ ਸਿੰਘ ਖੌਰੇ ਕੀ ਹਨ, ਨਾ ਮੌਤੋਂ ਡਰਦੇ ਹਨ, ਨਾ ਲੜਾਈ ਤੋਂ ਡਰਦੇ ਹਨ, ਨਾ ਮੁਸੀਬਤਾਂ ਤੋਂ ਘਬਰਾਉਂਦੇ ਹਨ, ਪਤਾ ਨਹੀਂ ਕੀ ਇਹਨਾਂ ਦੇ ਗੁਰੂ ਨੇ ਇਹਨਾਂ ਨੂੰ ਸੁੰਘਾ ਦਿੱਤਾ ਹੈ! ਜਿਨ੍ਹਾਂ ਭਿਆਨਕ ਜੰਗਲਾਂ ਵਿਚ ਇਹ ਦੌੜੇ ਫਿਰਦੇ ਹਨ, ਉਥੇ ਸਾਡੇ ਫੌਜੀ ਇਕ ਪੈਰ ਵੀ ਨਹੀਂ ਚਲ ਸਕਦੇ। ਮੈਂ ਸਾਰਾ ਜ਼ੋਰ ਲਾ ਥੱਕਾਂ, ਇਹਨਾਂ ਨੂੰ ਮਾਰ ਮਾਰ ਕੇ ਥੱਕ ਗਿਆ ਹਾਂ, ਪਰ ਇਹ ਮੁੱਕਦੇ ਵੀ ਨਹੀਂ, ਫਿਰ ਓਨੇ ਦੇ ਓਨੇ ਹੀ ਦੇਖਦੇ ਹਾਂ, ਪਤਾ ਨਹੀਂ ਕਿਥੋਂ ਵਧ ਜਾਂਦੇ ਹਨ!'

'ਖਾਂ ਸਾਹਿਬ, ਤੁਸੀਂ ਜਾਣਦੇ ਵੀ ਹੋ, ਤੇ ਫਿਰ ਨਾ ਸਮਝੋ ਤਾਂ ਤੁਹਾਨੂੰ ਕੌਣ ਸਮਝਾਏ?'

'ਕੀ ਜਾਣਦਾ ਹਾਂ?'

'ਇਹ ਸਿੰਘ ਤਾਂ ਹਿੰਦੂ ਲੋਕ ਵੀ ਬਣਦੇ ਜਾਂਦੇ ਹਨ।'

'ਹਿੰਦੂ ਕਿਉਂ ਸਿੰਘ ਬਣਦੇ ਹਨ?'

'ਤੁਹਾਡੇ ਫੌਜੀ ਜਦੋਂ ਉਹਨਾਂ ਨੂੰ ਤੰਗ ਕਰਦੇ ਹਨ, ਲੁੱਟਦੇ ਹਨ, ਜਬਰੀ ਧੀਆਂ ਭੈਣਾਂ ਖੋਹ ਲਿਜਾਂਦੇ ਹਨ ਤੇ ਡਾਢਾ ਬੇਇਜ਼ਤ ਕਰਦੇ ਹਨ,

ਤਾਂ ਉਹ ਤੰਗ ਆ ਕੇ ਸਿੰਘਾਂ ਨਾਲ ਜਾ ਰਲਦੇ ਹਨ, ਤੇ ਫਿਰ ਵਧੀਕੀ ਕਰਨ ਵਾਲਿਆਂ ਤੋਂ ਬਦਲੇ ਲੈਂਦੇ ਹਨ। ਇਸ ਲਈ ਤੁਸੀਂ ਆਪਣੇ ਫ਼ੌਜੀਆਂ ਨੂੰ ਐਸਾ ਕਰਨ ਤੋਂ ਰੋਕ ਦਿਓ।' ਇਕ ਹਿੰਦੂ ਚੌਧਰੀ ਨੇ ਕਿਹਾ।

'ਪਰ ਇਹ ਹਿੰਦੂ ਤਾਂ ਹਨ ਹੀ ਐਸੇ। ਇਹ ਮੁਸਲਮਾਨਾਂ ਦੇ ਪਰਛਾਵੇਂ ਤੋਂ ਵੀ ਡਰਦੇ ਹਨ, ਵਾਹ ਲੱਗਦੇ ਮੁਸਲਮਾਨ ਨੂੰ ਆਪਣੇ ਭਾਂਡੇ ਵਿਚ ਪਾਣੀ ਵੀ ਨਹੀਂ ਪੀਣ ਦੇਂਦੇ, ਤੇ ਜੇ ਕੋਈ ਪੀ ਜਾਏ ਤਾਂ ਫਿਰ ਉਸ ਭਾਂਡੇ ਨੂੰ ਵਰਤਦੇ ਨਹੀਂ। ਦੱਸੋ ਐਸੇ ਹਿੰਦੂਆਂ ਦਾ ਲਿਹਾਜ਼ ਕੀਤਾ ਕਿਵੇਂ ਜਾ ਸਕਦਾ ਹੈ?'

'ਇਹ ਤੇ ਹੁਣ ਧਰਮ ਤੇ ਮਜ਼ਹਬ ਦੀ ਗੱਲ ਹੈ- ਜਬਰ ਕਰਨ ਨਾਲ ਹੀ ਤਾਂ ਇਹ ਸਾਰੀ ਖੇਡ ਵਿਗੜੀ ਹੋਈ ਹੈ।'

'ਮੈਂ ਕੀ ਕਹਿ ਰਿਹਾ ਹਾਂ, ਤੇ ਤੁਸੀਂ ਕਿਹੜੀਆਂ ਗੱਲਾਂ ਕਰਨ ਲੱਗ ਗਏ ਹੋ? ਸਰਕਾਰੀ ਬੰਦਿਆਂ ਨੂੰ ਤਾਂ ਸਰਕਾਰ ਦਾ ਹੁਕਮ ਮੰਨਣਾ ਹੀ ਪਏਗਾ, ਨਹੀਂ ਤੇ ਸਜ਼ਾ ਭੁਗਤਣ ਲਈ ਤਿਆਰ ਰਹੋ।' ਚਲਾਕ ਜ਼ਿਕਰੀਆ ਖਾਨ ਨੇ ਉਸ ਗੱਲਬਾਤ ਨੂੰ ਬੰਦ ਕਰ ਦਿੱਤਾ।

ਕੁਝ ਚਿਰ ਚੁੱਪ ਰਹਿਣ ਮਗਰੋਂ ਉਸ ਨੇ ਫਿਰ ਹੁਕਮ ਦਿੱਤਾ, 'ਮੇਰਾ ਹੁਕਮ ਹੈ ਕਿ ਜੋ ਨੰਬਰਦਾਰ ਜਾਂ ਚੌਧਰੀ ਠੀਕ ਖਬਰਦਾਰੀ ਰੱਖਣਗੇ, ਉਹਨਾਂ ਨੂੰ ਸਿੰਘਾਂ ਦੇ ਫੜਾਉਣ ਬਦਲੇ ਇਨਾਮ ਦਿੱਤੇ ਜਾਣਗੇ। ਜੋ ਖਬਰ ਦੇਵੇਗਾ ਉਸ ਨੂੰ ਥੋੜ੍ਹਾ ਇਨਾਮ ਮਿਲੇਗਾ, ਤੇ ਜੋ ਸਿੰਘਾਂ ਨੂੰ ਫੜਾਏਗਾ, ਉਸ ਨੂੰ ਵਧੇਰੇ ਇਨਾਮ ਮਿਲੇਗਾ, ਮੈਂ ਉਹਨਾਂ ਨੂੰ ਇਨਾਮਾਂ ਨਾਲ ਰਜਾ ਦਿਆਂਗਾ, ਜੋ ਹਕੂਮਤ ਦੀ ਇਸ ਕੰਮ ਵਿਚ ਮਦਦ ਕਰਨਗੇ, ਹਕੂਮਤ ਦੇ ਵੈਰੀ ਸਿੰਘਾਂ, ਵਿਰੁੱਧ ਕਾਰਵਾਈਆਂ ਵਿਚ ਡਟ ਕੇ ਮਦਦ ਕਰਨਗੇ।'

ਇਸ ਮਗਰੋਂ, ਉਸ ਨੇ ਆਮ ਫ਼ੌਜੀਆਂ ਤੇ ਮੁਸਲਮਾਨ ਜਨਤਾ ਨੂੰ ਇਸ ਕੰਮ ਵਿਚ ਹਕੂਮਤ ਦੀ ਮਦਦ ਕਰਨ ਦੇ ਹੁਕਮ ਦਿੱਤੇ, ਤੇ ਹਿੰਦੂ

ਜਨਤਾ ਨੂੰ ਤਸੱਲੀ ਤੇ ਨਾਲੇ ਡਰ ਦੇਣ ਲਈ ਹੁਕਮ ਦਿੱਤਾ, ਜੋ ਹਿੰਦੂ ਹਕੂਮਤ ਦਾ ਵਫ਼ਾਦਾਰ ਰਹੇਗਾ, ਹਕੂਮਤ ਦੇ ਵਿਰੋਧੀ ਸਿੰਘਾਂ ਵਿਰੁੱਧ ਸਰਕਾਰੀ ਕੰਮ ਵਿਚ ਮਦਦ ਦੇਵੇਗਾ, ਸਿੰਘ ਨੂੰ ਫੜਾਵੇਗਾ, ਉਸ ਨੂੰ ਸਭ ਤੋਂ ਵਧੇਰੇ ਇਨਾਮ ਮਿਲੇਗਾ ਤੇ ਹਕੂਮਤ ਉਸ ਦੀ ਮਦਦ ਕਰੇਗੀ, ਪਰ ਜਿਸ ਵਿਰੁੱਧ ਇਹ ਸਾਬਤ ਹੋ ਜਾਵੇਗਾ, ਕਿ ਇਹ ਸਿੰਘਾਂ ਦੀ ਮਦਦ ਕਰਦਾ ਹੈ, ਉਸ ਵਿਰੁੱਧ ਸਖਤ ਕਾਰਵਾਈ ਕਰਨ ਤੋਂ ਦਰੇਗ ਨਹੀਂ ਕੀਤਾ ਜਾਏਗਾ।

ਇਸ ਤਰ੍ਹਾਂ ਦੀਆਂ ਗੱਲਾਂਬਾਤਾਂ ਕਰ ਕੇ ਤੇ ਹੁਕਮ ਦੇ ਕੇ ਖਾਨ ਬਹਾਦਰ ਨੇ ਆਪਣੀ ਮਜਲਸ ਨੂੰ ਖਤਮ ਕਰ ਦਿੱਤਾ।

****

੪.

ਲੋਭ-ਲਾਲਚ ਹੀ ਸਭ ਪੁਆੜਿਆਂ ਦੇ ਪਾਉਣ ਵਾਲੇ ਹਨ। ਨਵਾਬ ਜ਼ਕਰੀਆ ਖਾਨ ਨੇ ਪਿੰਡਾਂ ਵਿਚੋਂ, ਖਾਸ ਕਰਕੇ ਸ਼ਹਿਰਾਂ ਤੋਂ ਬਹੁਤ ਦੂਰ ਵੱਸਦੇ ਪਿੰਡ, ਜਿਥੇ ਇਹੋ ਜਿਹੇ ਹੁਕਮਾਂ ਦੀ ਹਵਾ ਵੀ ਨਹੀਂ ਪਹੁੰਚਦੀ ਸੀ, ਇਹੋ ਜਿਹੀਆਂ ਥਾਵਾਂ 'ਤੇ ਕਈ ਸਿੰਘ ਵੱਸਦੇ ਤੇ ਦਿਨ ਕਟੀ ਕਰ ਰਹੇ ਸਨ, ਪਰ ਹੁਣ ਦੇ ਚੱਕਰ ਨੇ ਸਖਤੀ ਦੀ ਹਵਾ ਇਥੋਂ ਤਕ ਵੀ ਪਹੁੰਚਾ ਦਿੱਤੀ। ਰਾਤੋ-ਰਾਤ ਕਈ ਸਿੰਘ ਫੜੇ ਗਏ, ਤੇ ਰਾਤ ਵੇਲੇ ਆਪਣੇ ਟਿਕਾਣਿਆਂ 'ਤੇ ਪੁੱਜਣ ਵਾਲੇ ਕਈ ਸਿੰਘ ਵੀ ਦੁਸ਼ਮਣਾਂ ਦੇ ਕਾਬੂ ਆ ਗਏ। ਕਈਆਂ ਪਿੰਡਾਂ ਬਾਰੇ ਸ਼ਿਕਾਇਤਾਂ ਹੋ ਗਈਆਂ ਕਿ ਇਥੇ ਸਿੰਘ ਆਉਂਦੇ ਹਨ, ਸੋ ਉਥੇ ਫੌਜੀ ਕੈਂਪ ਲੱਗ ਗਏ। ਇਸ ਕਾਰਨ ਸੈਂਕੜੇ ਸਿੰਘ ਫੜੇ ਤੇ ਸ਼ਹੀਦ ਕੀਤੇ ਗਏ। ਫੜਾਉਣ ਵਾਲਿਆਂ ਨੂੰ ੧੦੦-੧੦੦ ਰੁਪਏ ਇਨਾਮ ਮਿਲ ਗਏ। ਸੋ ਲੋਭ ਦੇ ਮਾਰੇ ਸਾਰੇ ਲੋਕ ਹੀ ਸਿੰਘਾਂ ਦੇ ਦੁਸ਼ਮਣ ਬਣ ਗਏ।

ਸਿੰਘਾਂ ਲਈ ਹੋਰ ਮੁਸੀਬਤਾਂ ਪੈਦਾ ਹੋ ਗਈਆਂ, ਜੰਗਲ ਖਾਲੀ ਹੋ ਗਏ। ਹਿਰਨ ਤੇ ਹੋਰ ਸ਼ਿਕਾਰ ਮਾਰ-ਮਾਰ ਕੇ ਸਿੰਘਾਂ ਜੰਗਲੀ ਜਾਨਵਰ

ਵੀ ਮੁਕਾ ਛੱਡੇ. ਹੁਣ ਜੰਗਲਾਂ ਵਿਚ ਵੀ ਭੁੱਖੇ ਰਹਿਣ ਦੀ ਹਾਲਤ ਨੂੰ ਵੇਖ ਕੇ ਸਿੰਘ ਜੰਗਲ ਜੰਗਲੀ ਮਾਲਵੇ ਵੱਲ ਨਿਕਲ ਗਏ। ਪਾਣੀ ਦੀ ਔੜ ਵਾਲੇ ਇਲਾਕੇ ਵੱਲ ਮੁਗਲਈ ਸੈਨਿਕ ਮੂੰਹ ਨਹੀਂ ਸਨ ਕਰਦੇ, ਤੇ ਮਾਲਵੇ ਵਿਚ ਸਿੱਖੀ ਵਧ ਫੁਲ ਚੁਕੀ ਸੀ, ਇਸ ਲਈ ਮੁਸੀਬਤ ਦੇ ਦਿਨ ਕੱਟਣ ਲਈ ਸਿੰਘ ਇਧਰ ਚਲੇ ਜਾਂਦੇ, ਤੇ ਕੁਝ ਦਿਨ ਅਰਾਮ ਕਰ ਕੇ ਫਿਰ ਪਰਤ ਆਉਂਦੇ ਸਨ। ਪਰ ਹੁਣ ਪੰਜਾਬ ਵੱਲ ਜ਼ੁਲਮ ਦੀ ਹਨੇਰੀ ਚਲ ਰਹੀ ਸੀ, ਇਸ ਲਈ ਸਿੰਘ ਜਥਿਆਂ ਨੇ ਅਗਲੇ ਪਾਸੇ, ਹਾਂਸੀ ਹਿਸਾਰ ਵੱਲ ਵਧ ਜਾਣ ਦਾ ਫੈਸਲਾ ਕਰ ਲਿਆ।

ਮਾਲਵੇ ਵਿਚ ਗੁਰੂ ਹਰਿਰਾਇ ਜੀ ਦੇ ਵਰ ਨਾਲ, ਫੂਲਕਿਆਂ ਨੂੰ ਰਾਜੇ ਮਹਾਰਾਜੇ ਹੋਣ ਦਾ ਵਰ ਪ੍ਰਾਪਤ ਹੋ ਚੁਕਾ ਸੀ। ਸੋ ਬਾਬਾ ਆਲਾ ਸਿੰਘ ਜੀ (ਪਟਿਆਲਾ ਰਿਆਸਤ ਦੇ ਬਾਨੀ) ਪਟਿਆਲੇ ਰਿਆਸਤ ਦੀ ਨੀਂਹ ਰੱਖ ਚੁਕੇ ਸਨ। ਜਦ ਇਸ ਸਮੇਂ ਮਾਝੇ ਵੱਲੋਂ ਸਿੰਘ ਮਾਲਵੇ ਗਏ, ਤਾਂ ਬਾਬਾ ਆਲਾ ਸਿੰਘ ਜੀ ਦੇ ਸਪੁੱਤਰ ਸ. ਲਾਲ ਸਿੰਘ ਨੇ ਸਿੰਘਾਂ ਕੋਲੋਂ ਮਦਦ ਪ੍ਰਾਪਤ ਕਰ ਲਈ। ਸਿੰਘਾਂ ਨੇ ਕਈ ਇਲਾਕੇ ਫਤਹ ਕਰ ਕੇ ਸ. ਲਾਲ ਸਿੰਘ ਦੇ ਹਵਾਲੇ ਕਰ ਦਿੱਤੇ। ਪਟਿਆਲਾ ਰਿਆਸਤ ਦੇ ਆਲੇ-ਦੁਆਲੇ ਜਿੰਨੇ ਕੁ ਨਵਾਬ ਜਾਂ ਜਗੀਰਦਾਰ ਸ. ਲਾਲ ਸਿੰਘ ਨਾਲ ਲੜਾਈ ਝਗੜਾ ਰੱਖਦੇ ਸਨ, ਉਹ ਸਾਰੇ ਹੀ ਸਿੰਘਾਂ ਨੇ ਸੋਧ ਦਿੱਤੇ ਤੇ ਸਭ ਔਕੜਾਂ ਹੱਲ ਕਰ ਦਿੱਤੀਆਂ।

ਹਜ਼ਾਰਾਂ ਸਿੰਘਾਂ ਦਾ ਹੁਣ ਕੇਵਲ ਮਾਲਵੇ ਦੇ ਇਲਾਕੇ ਵਿਚ ਟਿਕੇ ਰਹਿਣਾ ਮੁਸ਼ਕਲ ਸੀ। ਰਾਸ਼ਨ ਤੇ ਹੋਰ ਸਾਮਾਨ ਦੀ ਜੋ ਲੋੜ ਸੀ, ਉਹ ਕਿਥੋਂ ਆਉਂਦਾ? ਤੇ ਆਪਣੇ (ਮਾਲਵੇ ਦੇ) ਇਲਾਕੇ ਵਿਚੋਂ ਇੰਨਾ ਕੁਝ ਪ੍ਰਾਪਤ ਹੋ ਸਕਣਾ ਮੁਸ਼ਕਲ ਸੀ, ਸੋ ਸਿੰਘ ਜਥੇ ਇਸ ਸਾਰੀ ਹਾਲਤ ਨੂੰ ਵਿਚਾਰ ਕੇ ਅੱਗੇ ਵੱਲ ਨਿਕਲ ਗਏ, ਗੈਰ ਇਲਾਕੇ ਵਿਚ ਜਾ ਵੜੇ ਤੇ ਲੱਗੀ ਮਾਰ ਧਾੜ ਕਰ ਕੇ ਆਪਣਾ ਝਟ ਟਪਾਣ। ਕਈਆਂ ਨੇ ਤਾਂ

ਸਿੰਘਾਂ ਨੂੰ ਨਜ਼ਰਾਨੇ ਪੇਸ਼ ਕਰ ਕੇ ਆਪਣੀ ਜਾਨ ਛੁਡਾਈ। ਹਾਂਸੀ-ਹਿਸਾਰ ਦੇ ਇਲਾਕੇ ਵਿਚ ਇਸ ਤਰ੍ਹਾਂ ਸਿੰਘ ਹੋਰ ਅੱਗੇ ਵਧੇ, ਤਾਂ ਅੱਗੇ ਯੂ. ਪੀ. ਦੇ ਇਲਾਕੇ ਵਿਚ ਜਾਰਜਗੜ੍ਹ ਵਾਲੇ ਜਾਰਜ ਟਾਪਸਨ ਦੇ ਇਲਾਕੇ ਵਿਚ ਜਾ ਧਸੇ। ਇਹ ਇਲਾਕਾ ਸੇਂਧੀਆਂ ਦਾ ਸੀ, ਤੇ ਉਸ ਵੱਲੋਂ ਜਾਰਜ ਟਾਮਸਨ (ਅੰਗਰੇਜ਼) ਇਸ ਇਲਾਕੇ ਦਾ ਹਾਕਮ ਸੀ। ਉਸ ਨੇ ਸਿੰਘਾਂ ਦਾ ਮੁਕਾਬਲਾ ਕੀਤਾ, ਤੇ ਸਿੰਘਾਂ ਨੂੰ ਘੇਰਨਾ ਚਾਹਿਆ, ਪਰ ਸਿੰਘ ਚਲਦੀ ਲੜਾਈ ਵਿਚੋਂ ਹਰਨ ਹੋਣ ਦੇ ਮਾਹਰ ਸਨ, ਤੇ ਮਾਹਰ ਵੀ ਐਸੇ ਸਨ ਕਿ ਆਪਣਾ ਸਭ ਕੁਝ ਲੈ ਜਾਂਦੇ, ਤੇ ਕੁਝ ਨਾ ਕੁਝ ਖੋਹ ਵੀ ਲਿਜਾਂਦੇ ਸਨ। ਸੋ ਇਸੇ ਗੱਲ ਨਾਲ ਸਿੰਘ ਅੱਗੇ ਨਿਕਲ ਗਏ ਤੇ ਫਰੁਖਾਬਾਦ (ਯੂ. ਪੀ.) ਦੇ ਇਲਾਕੇ ਵਿਚ ਜਾ ਪਹੁੰਚੇ। ਫਿਰ ਮਥਰਾ ਤੇ ਖੁਰਜਾ ਆਦਿ ਇਲਾਕਿਆਂ ਵਿਚ ਫਿਰ ਕੇ ਛੋਟੇ ਮੋਟੇ ਮੁਸਲਮਾਨ ਹਾਕਮਾਂ ਦੀ ਚੰਗੀ ਝਾੜ-ਝੰਬ ਕੀਤੀ।

ਏਥੇ ਤਕ ਪਹੁੰਚਣ ਵਿਚ ਸਿੰਘਾਂ ਨੂੰ ਭਾਵੇਂ ਕਈ ਤਕਲੀਫਾਂ ਪੇਸ਼ ਆਈਆਂ ਪਰ ਏਥੇ ਨਿੱਕੇ ਨਿੱਕੇ ਰਜਵਾੜਿਆਂ ਤੇ ਜਗੀਰਦਾਰਾਂ ਨੇ ਸਿੰਘਾਂ ਦਾ ਕੀ ਮੁਕਾਬਲਾ ਕਰਨਾ ਸੀ? ਸਿੰਘ ਸਭ 'ਤੇ ਭਾਰੂ ਹੋ ਗਏ। ਇਸ ਸਮੇਂ ਸਿੰਘ ਜਥੇ ਦੂਰ ਨੇੜੇ ਤਕ ਖਿੰਡ ਪੁੰਡ ਵੀ ਗਏ। ਪਰ ਜਦ ਕਿਤੇ ਕੋਈ ਜਥਾ ਘੇਰੇ ਵਿਚ ਆ ਜਾਂਦਾ ਤੇ ਮੁਸੀਬਤ ਵਿਚ ਫਸ ਜਾਂਦਾ ਤਾਂ ਦੂਜੇ ਜਥੇ ਰਾਤੋ ਰਾਤ ੫੦, ੫੦ ਮੀਲ ਤੋਂ ਵੀ ਧਾਈ ਕਰ ਕੇ ਆਪਣੇ ਸਾਥੀਆਂ ਦੀ ਮਦਦ ਲਈ ਪੁੱਜ ਜਾਂਦੇ, ਤੇ ਦੁਸ਼ਮਨ 'ਤੇ ਭਾਰੂ ਹੋ ਜਾਂਦੇ ਸਨ।

ਇਉਂ ਇਹ ਤਰੁਨਾ ਦਲ ਦੀ ਹਾਲਤ ਸੀ। ਇਸ ਸਮੇਂ ਸਿੰਘਾਂ ਦੇ ਦੋ ਦਲ ਬਣੇ ਹੋਏ ਸਨ— ਤਰੁਨਾ ਦਲ ਤੇ ਬੁਢਾ ਦਲ। ਸੋ ਤਰੁਨਾ ਦਲ ਤਾਂ ਇਧਰ ਜਮਨਾ ਤੋਂ ਅੱਗੇ ਲੰਘ ਕੇ ਦਿਨ ਗੁਜ਼ਾਰਨ ਲੱਗ ਗਿਆ ਤੇ ਜੰਗਲਾਂ ਪਹਾੜਾਂ ਦੀ ਟੇਕ ਲੈ ਕੇ ਉਸ ਕਈ ਸਾਲ ਏਧਰ ਹੀ ਗੁਜ਼ਾਰ

ਦਿੱਤੇ, ਪਰ ਬੁਢਾ ਦਲ ਮਾਲਵੇ ਵਿਚੋਂ ਨਿਕਲ ਕੇ, ਬੀਕਾਨੇਰ ਦੇ ਮਾਰੂ ਥਲਾਂ ਵੱਲ ਨਿਕਲ ਗਿਆ।

ਸਿੰਘ ਜਥੇ ਇਉਂ ਪੰਜਾਬ ਤੋਂ ਦੂਰ ਚਲੇ ਗਏ, ਤੇ ਕੋਈ-ਟਾਵਾਂ ਟਾਵਾਂ ਸਿੰਘ ਪੰਜਾਬ ਦੇ ਝੱਲਾਂ ਬੇਲਿਆਂ ਜਾਂ ਦੂਰ ਨੇੜੇ ਪਿੰਡਾਂ ਵਿਚ ਰਹਿ ਗਿਆ। ਸਾਰੇ ਦੇਸ਼ ਵਿਚ ਆਮ ਇਸ ਵੇਲੇ ਬਦਅਮਨੀ ਹੀ ਸੀ। ਕਿਧਰੇ ਮਰਹੱਟੇ, ਕਿਧਰੇ ਡੱਚ, ਕਿਧਰੇ ਭੀਲ, ਕਿਤੇ ਪੰਡਾਰੇ, ਕਿਤੇ ਫਰਾਂਸੀਸੀ, ਕਿਧਰੇ ਦੁਰਾਨੀ ਤੇ ਅਬਦਾਲੀ, ਕਿਤੇ ਸਿੰਘ ਫਿਰ ਰਹੇ ਸਨ। ਕੋਈ ਵੀ ਏਨੀ ਤਾਕਤ ਵਾਲਾ ਨਹੀਂ ਸੀ, ਜੋ ਸਭ ਤੇ ਕੰਟਰੋਲ ਕਰ ਸਕੇ। ਅੰਗਰੇਜ਼, ਪੁਰਤਗੇਜ਼ੀ ਮਦਰਾਸ, ਬੰਗਾਲ ਵਿਚ ਆਪਣੇ ਪੈਰ ਜਮਾ ਕੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਅਪਣਾ ਰਹੇ ਸਨ। ਸੋ ਇਸ ਸਮੇਂ ਭਾਰਤ ਦੇਸ਼ ਬੜੀ ਅਧੋਗਤੀ ਵਿਚ ਸੀ, ਤੇ ਬਾਦਸ਼ਾਹੀ ਨਿਜ਼ਾਮ, ਇਕ ਕਿਸਮ ਦਾ ਬਰਾਏਨਾਮ ਹੀ ਰਹਿ ਗਿਆ ਸੀ।

ਪਰ ਪੰਜਾਬ ਦੀ ਹਾਲਤ ਅਜੀਬ ਹੀ ਸੀ। ਪੰਜਾਬ ਦੇ ਸੂਬੇ ਜ਼ਕਰੀਆਂ ਖਾਂ ਦੀ ਇਕ ਕਿਸਮ ਦੀ ਖੁਦ-ਮੁਖਤਿਆਰੀ ਵਾਲੀ ਹਾਲਤ ਸੀ। ਭਾਵੇਂ ਇਹ ਦਿੱਲੀ ਦੀ ਬਾਦਸ਼ਾਹੀ ਦੇ ਅਧੀਨ ਸੀ, ਪਰ ਕਿਸੇ ਸਾਲ ਵੀ ਇਸ ਨੇ ਪੂਰਾ ਖਰਾਜ ਦਿੱਲੀ ਨਹੀਂ ਭੇਜਿਆ ਸੀ। ਹਰ ਸਾਲ ਹੀ ਕੋਈ ਕੋਈ ਨਾ ਕੋਈ ਬਹਾਨਾ ਬਣਾ ਕੇ, ਥੋੜ੍ਹੀ ਬਹੁਤ ਰਕਮ ਭੇਜ ਕੇ ਬਾਦਸ਼ਾਹੀ-ਘਰ ਪੂਰਾ ਕਰ ਦਿੰਦਾ ਸੀ, ਤੇ ਬਹੁਤਾ ਇਹ ਸਿੰਘਾਂ ਦੀ ਗੜਬੜ ਦਾ ਹੀ ਸਹਾਰਾ ਲਿਆ ਕਰਦਾ ਸੀ, ਪਰ ਹੁਣ ਇਸ ਦੀ ਨੀਤੀ ਕੁਝ ਕਾਮਯਾਬ ਹੋ ਗਈ। ਪੰਜਾਬ ਵਿਚ ਸਿੰਘਾਂ ਦਾ ਟਿਕਣਾ ਇਸ ਨੇ ਔਖਾ ਬਣਾ ਦਿੱਤਾ ਸੀ। ਲੋਭ ਲਾਲਚ ਨੇ, ਹਰ ਬੰਦੇ ਨੂੰ ਸਿੱਖਾਂ ਦਾ ਵੈਰੀ ਬਣਾ ਦਿੱਤਾ ਸੀ। ਜਿਹੜਾ ਕੋਈ ਬਚਿਆ ਖੁਚਿਆ, ਸਿੰਘਾਂ ਤੋਂ ਨਿਖੜਿਆ ਸਿੰਘ ਪੰਜਾਬ ਵਿਚ ਰਹਿ ਗਿਆ ਸੀ, ਉਹ ਜਾਂ ਤਾਂ ਫੜ ਕੇ ਸ਼ਹੀਦ ਕਰ ਦਿੱਤਾ ਗਿਆ, ਜਾਂ ਜੰਗਲਾਂ ਵਿਚ ਮਾਰਾ ਮਾਰਾ ਫਿਰਦਾ,

ਦੁੱਖਾਂ ਦੇ ਦਿਨ ਬਿਤਾ ਰਿਹਾ ਸੀ।

ਕਾਹਨੂੰਵਾਨ ਦਾ ਛੰਭ, ਇਕ ਅਜਿਹਾ ਜੰਗਲ ਸੀ, ਜਿਥੇ ਪਾਣੀ ਦੇ ਪੰਜ ਛੇ ਚਸ਼ਮੇ ਕੁਦਰਤ ਨੇ ਉਸ ਜੰਗਲ ਵਿਚ ਪੈਦਾ ਕਰ ਦਿੱਤੇ ਸਨ, ਤੇ ਇਸ ਦੇ ਆਲੇ-ਦੁਆਲੇ ਤਿੰਨ ਤਿੰਨ ਚਾਰ ਮੀਲ ਤਕ ਗਾਹਜਾ ਜੰਗਲ ਸੀ। ਇਥੇ ਆਮ ਸਿੰਘਾਂ ਦੇ ਇਕ ਦੋ ਜਥੇ ਹਮੇਸ਼ਾਂ ਰਹਿੰਦੇ ਸਨ, ਪਰ ਇਸ ਵਾਰ ਸਿੰਘ ਇਸ ਥਾਂ ਨੂੰ ਵੀ ਛੱਡ ਗਏ ਸਨ, ਕਿਉਂਕਿ ਜੰਗਲ ਵਿਚ ਕੋਈ ਚੀਜ਼ ਬਾਕੀ ਨਹੀਂ ਸੀ ਰਹਿ ਗਈ। ਇਥੋਂ ਤਕ ਕਿ ਜੰਗਲ ਦੇ ਪਸ਼ੂ ਪੰਛੀ ਵੀ ਮੁੱਕ ਗਏ ਸਨ, ਸਿੰਘਾਂ ਸਭ ਮਾਰ ਮਾਰ ਕੇ ਭੁੰਨ ਭੁੰਨ ਖਾ ਲਏ ਸਨ ਤੇ ਜੰਗਲ ਖਾਲੀ ਹੋ ਗਿਆ ਸੀ। ਸੋ ਭੁੱਖ ਦੇ ਦੁੱਖ ਨੇ ਸਿੰਘਾਂ ਕੋਲੋਂ ਇਹ ਰਮਣੀਕ ਥਾਂ ਤੇ ਖਤਰੇ ਤੋਂ ਰਹਿਤ ਥਾਂ ਵੀ ਛੁਡਾ ਦਿੱਤੀ ਸੀ, ਪਰ ਫੇਰ ਵੀ ੧੦-੧੨ ਸਿੰਘ ਇਥੇ ਇਸ ਸਮੇਂ ਆਲੇ ਦੁਆਲਿਓਂ ਆਣ ਇਕੱਠੇ ਹੋਏ।

ਇਕ ਸਿੰਘ ਨੇ ਦੂਜੇ ਨੂੰ ਮਿਲਣ ਸਮੇਂ ਕਿਹਾ, "ਅੱਜ ਤਿੰਨਾਂ ਦਿਨਾਂ ਤੋਂ ਭੁੱਖਾ ਭਾਣਾ ਰਹਿ ਕੇ ਇਥੇ ਪੁੱਜਾ ਹਾਂ, ਬਾਹਰੋਂ ਤਾਂ ਲੁਕ ਛਿਪ ਕੇ ਤੁਰਦਾ ਚਲਿਆ ਆਇਆ ਸਾਂ ਤੇ ਖਾਣ ਨੂੰ ਕੁਝ ਨਹੀਂ ਸੀ ਲੱਭਾ, ਪਰ ਇਥੇ ਜੰਗਲ ਵਿਚ ਆ ਕੇ ਘਾਹ ਫੂਸ ਪੁਟ ਕੇ ਥੋੜ੍ਹਾ ਬਹੁਤ ਖਾਧਾ ਹੈ, ਪੇਟ ਨੂੰ ਝੁਲਕਾ ਦਿੱਤਾ ਹੈ, ਕੁਝ ਕਿੱਕਰ ਦੀਆਂ ਫਲੀਆਂ ਖਾ ਕੇ ਗੁਜ਼ਾਰਾ ਕੀਤਾ ਹੈ।"

ਮੈਂ ਵੀ ਇਸ ਤਰ੍ਹਾਂ ਇਥੇ ਪੁੱਜਾ ਸਾਂ, ਕਿ ਏਥੇ ਤਾਂ ਸਿੰਘ ਹੋਣਗੇ, ਪਰ ਸਿੰਘ ਇਥੋਂ ਵੀ ਚਲੇ ਗਏ ਹਨ। ਸੂਬੇ ਖਾਨ ਬਹਾਦਰ ਨੇ ਤਾਂ ਸਿੰਘਾਂ ਨਾਲ ਵੈਰ ਦੀ ਅੱਤ ਕਰ ਛੱਡੀ ਹੈ। ੮੦-੮੦ ਰੁਪਏ ਨਕਦ ਇਨਾਮ ਇਕ ਸਿੰਘ ਨੂੰ ਫੜਾਉਣ ਵਾਲੇ ਨੂੰ ਦੇ ਰਿਹਾ ਹੈ। ਇਨ੍ਹਾਂ ਇਨਾਮਾਂ ਨੇ ਤਾਂ ਪਿੰਡਾਂ ਦੇ ਹਰ ਬੰਦੇ ਨੂੰ ਇਸੇ ਤਾੜ ਵਿਚ ਲਾ ਦਿੱਤਾ ਹੈ ਕਿ ਕਿਤੇ ਕੋਈ ਸਿੰਘ ਨਜ਼ਰ ਆਵੇ ਤੇ ਉਸ ਨੂੰ ਫੜਾ ਕੇ ਇਨਾਮ ਲਈਏ, ਹਰ ਪਿੰਡ

ਵਿਚ ਖਾਨ ਬਹਾਦਰ ਦੇ ਫ਼ੌਜੀ ਬੈਠੇ ਹਨ।'

ਤੀਜਾ ਬੋਲਿਆ, 'ਕੀ ਦੱਸਾਂ, ਮੇਰੇ ਨਾਲ ਚਾਰ ਸਿੰਘ ਹੋਰ ਸਨ। ਅਸੀਂ ਪੰਜੇ ਭੁੱਖ ਦੇ ਦੁੱਖੋਂ ਤੰਗ ਆ ਕੇ ਜੰਗਲੋਂ ਬਾਹਰ ਨਿਕਲ ਕੇ, ਇਕ ਪਿੰਡ ਵਿਚ ਜਾ ਵੜੇ। ਰਾਤ ਦੇ ਸਮੇਂ ਅਸਾਂ ਪਿੰਡ ਵਿਚ ਫਿਰ ਕੇ ਰੋਟੀ ਪਾਣੀ ਤਾਂ ਪ੍ਰਾਪਤ ਕਰ ਲਿਆ, ਪਰ ਏਨੇ ਨੂੰ ਪਿੰਡ ਦੇ ਨੰਬਰਦਾਰ ਦੇ ਬੰਦੇ ਨੇ ਸਾਨੂੰ ਵੇਖ ਲਿਆ। ਅਸੀਂ ਪਿੰਡੋਂ ਬਾਹਰ ਖੇਤਾਂ ਵਿਚ ਬੈਠੇ ਸਾਂ। ਉਸ ਪਿੰਡ ਵਿਚ ਸੂਬੇ ਦੇ ੨੦ ਫ਼ੌਜੀ ਸਨ ਤੇ ਕੁਝ ਹੋਰ ਪਿੰਡ ਦੇ ਲੋਕ ਉਸ ਨੇ ਇਕੱਠੇ ਕਰ ਲਏ ਤੇ ਸਾਨੂੰ ਖੇਤਾਂ ਵਿਚ ਆ ਘੇਰਿਆ। ਸਿੰਘਾਂ ਵੀ ਦੇਰ ਨਾ ਲਾਈ, ਕਿਉਂਕਿ ਇਸ ਗੱਲ ਦੀ ਸਾਨੂੰ ਪਹਿਲੋਂ ਹੀ ਆਸ ਸੀ, ਪਰ ਬਹੁਤੇ ਭੁੱਖੇ ਹੋਣ ਕਰਕੇ ਹੋਰ ਤੁਰ ਨਹੀਂ ਸਾਂ ਸਕਦੇ, ਇਸ ਲਈ ਉਥੇ ਬਹਿ ਕੇ ਕੁਝ ਖਾਨ-ਪਾਨ ਕਰ ਲਿਆ ਸੀ। ਸਾਨੂੰ ਤਾਂ ਮੌਤ ਦਾ ਡਰ ਹੀ ਕੋਈ ਨਹੀਂ ਸੀ। ਇਸ ਲਈ ਅਸਾਂ ੫-੭ ਆਉਂਦੇ ਹੀ ਜਦੋਂ ਝਟਕਾ ਦਿੱਤੇ, ਤਾਂ ਉਹ ਪਿੱਛੇ ਹਟ ਗਏ। ਘੋੜੇ ਸਾਡੇ ਸਨ, ਪਰ ਉਹ ਉਨ੍ਹਾਂ ਖੋਹਲ ਦਿੱਤੇ ਸਨ ਤੇ ਉਹ ਭੱਜ ਗਏ ਸਨ, ਇਸ ਲਈ ਅਸੀਂ ਬਹੁਤੀ ਮੁਸੀਬਤ ਵਿਚ ਫਸ ਗਏ।

ਅਸੀਂ ਮਰਦੇ ਮਾਰਦੇ ਖੇਤਾਂ ਵਿਚੋਂ ਬਾਹਰ ਨਿਕਲੇ, ਹਨੇਰੇ ਨੇ ਸਾਡੀ ਮਦਦ ਕੀਤੀ, ਪਰ ਹਨੇਰੇ ਨੇ ਸਾਨੂੰ ਵਿਛੋੜ ਵੀ ਦਿੱਤਾ, ਅਸੀਂ ਜੰਗਲ ਵੱਲ ਨੂੰ ਵਧਦੇ ਹੀ ਗਏ। ਮੈਂ ਆਪਣੇ ਆਪ ਨੂੰ ਬਚਾਣ ਲਈ ਕੁਝ ਦੌੜ ਵੀ ਲਾਈ। ਅੱਗੋਂ ਇਕ ਘੋੜ ਸਵਾਰ ਮੁਗਲ ਫ਼ੌਜੀ ਮਿਲਿਆ ਤੇ ਮੇਰਾ ਦਾਅ ਲੱਗ ਗਿਆ। ਐਸਾ ਦਾਅ ਲਾਇਆ ਤੇ ਵਾਰ ਕੀਤਾ ਕਿ ਉਸ ਨੂੰ ਜ਼ਖ਼ਮੀ ਕਰ ਕੇ ਘੋੜਾ ਖੋਹ ਕੇ ਜੰਗਲ ਵਿਚ ਆਣ ਪੁੱਜਾ ਹਾਂ। ਬਾਕੀ ਦੇ, ਮੇਰਾ ਖਿਆਲ ਹੈ ਕਿ ਸ਼ਹੀਦ ਹੋ ਗਏ ਹੋਣਗੇ ਜਾਂ ਉਹ ਵੀ ਮੇਰੇ ਵਾਂਗ ਬਚ ਗਏ ਹੋਣ, ਤਾਂ ਕਹਿ ਨਹੀਂ ਸਕਦਾ।'

ਅਜੇ ਇਹ ਸਿੰਘ ਇਹ ਕੁਝ ਆਖ ਕੇ ਹਟਿਆ ਹੀ ਸੀ, ਕਿ ਦੋ

ਸਿੰਘ ਹੋਰ ਆ ਪੁੱਜੇ। ਉਨ੍ਹਾਂ ਆਉਂਦਿਆਂ ਹੀ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਈ।

ਪਹਿਲੇ ਸਿੰਘ ਨੇ ਝਟ ਪਛਾਣ ਲਿਆ, ਤੇ ਬੋਲਿਆ- 'ਗਰਜਾ ਸਿੰਘ ਜੀ, ਆ ਗਏ ਜੇ।'

'ਹਾਂ ਬੜੀ ਮੁਸ਼ਕਲ ਨਾਲ ਹੀ ਆਏ ਹਾਂ, ਪਰ ੧੦ ਵੈਰੀਆਂ ਨੂੰ ਸੋਧ ਕੇ ਆਏ ਹਾਂ।'

'ਬਾਕੀ ਭਾਈ ਸ਼ੇਰ ਸਿੰਘ ਤੇ ਵਰਿਆਮ ਸਿੰਘ ਕਿਥੇ ਹਨ?'

'ਉਹ ਸ਼ਹੀਦ ਹੋ ਗਏ ਹਨ। ਮਗਰੋਂ ਉਨ੍ਹਾਂ ਦੇ ਹੋਰ ਮਦਦੀ ਵੀ ਆ ਗਏ ਸਨ, ਪਰ ਅਸਾਂ ਸਤਿਗੁਰੂ ਦੀ ਓਟ ਲੈ ਕੇ ਜੋ ਵੀ ਨੇੜੇ ਆਈ ਗਿਆ, ਝਟਕਾਈ ਗਏ। ਅਸੀਂ ਦੋ ਫ਼ੌਜੀਆਂ ਦੇ ਘੋੜੇ ਖੋਹਣ ਵਿਚ ਸਫਲ ਹੋ ਗਏ ਤੇ ਬਚ ਕੇ ਨਿਕਲ ਆਏ ਹਾਂ। ਪਰ ਭਾਈ ਵਰਿਆਮ ਸਿੰਘ ਤੇ ਸ਼ੇਰ ਸਿੰਘ ਬਹੁਤਿਆਂ ਦੇ ਘੇਰੇ ਵਿਚ ਆ ਗਏ ਸਨ ਤੇ ਉਹਨਾਂ ਵੀ ਘੱਟ ਨਹੀਂ ਕੀਤੀ। ਦੁਸ਼ਮਣ ਤਾਂ ਸਾਨੂੰ ਜੀਉਂਦਿਆਂ ਨੂੰ ਫੜਨਾ ਚਾਹੁੰਦੇ ਸਨ, ਪਰ ਸਾਡੇ ਸਾਥੀ ਤਾਂ ਪੁਰਜ਼ਾ ਪੁਰਜ਼ਾ ਹੋ ਕੇ ਕੱਟ ਮਰੇ ਹਨ, ਅਸੀਂ ਘੋੜਿਆਂ ਤੇ ਦੂਰ ਤਕ ਉਨ੍ਹਾਂ ਦੇ ਜੈਕਾਰੇ ਸੁਣਦੇ ਆਏ ਹਾਂ। ਉਹ ਲੜ ਕੇ ਸ਼ਹੀਦ ਹੋ ਗਏ ਹਨ।

'ਧੰਨ ਗੁਰੂ ਕੇ ਸਿੰਘ! ਮੁਸੀਬਤ ਵੇਲੇ ਵੀ ਹੌਂਸਲਾ ਨਾ ਹਾਰਨਾ, ਇਹੋ ਤੇ ਗੁਰੂ ਕੇ ਸਿੰਘਾਂ ਦੀ ਬਹਾਦਰੀ ਹੈ। ਇਹੋ ਹੀ ਗੁਰੂ ਦੀ ਸਿਖਿਆ ਹੈ। ਗੁਰੂ ਕੇ ਸਾਹਿਬਜ਼ਾਦਿਆਂ ਤੇ ਗੁਰੂ ਜੀ ਦੇ ਆਪ ਧਰਮ ਦੀ ਖ਼ਾਤਰ ਸ਼ਹੀਦ ਹੋਣ ਦੀਆਂ ਜੋ ਮਿਸਾਲਾਂ ਹਨ, ਇਹੋ ਹੀ ਤਾਂ ਸਾਨੂੰ ਅਜੇਹੇ ਸਮੇਂ ਸਹਾਰਾ ਦੇਂਦੀਆਂ ਹਨ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ, ਭਾਈ ਮਤੀ ਦਾਸ, ਭਾਈ ਦਿਆਲਾ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਚੇਤੇ ਕਰ ਕਰ ਐਉਂ ਹੋ ਜਾਈਦਾ ਹੈ, ਜਿਵੇਂ ਸਾਡਾ ਇਮਤਿਹਾਨ ਹੋ ਰਿਹਾ ਹੈ ਤੇ ਫੇਰ ਜਦੋਂ ਚਮਕੌਰ ਦੇ ਸਾਕੇ ਨੂੰ ਯਾਦ ਕਰੀਦਾ ਹੈ, ਤਾਂ ਲੜਾਈ

ਵਿਚੋਂ ਪੈਰ ਪਿਛਾਂਹ ਹਟਾਣ ਨੂੰ ਚਿਤ ਹੀ ਨਹੀਂ ਕਰਦਾ।'

'ਠੀਕ ਹੈ, ਇਹ ਤਾਂ ਸਭ ਪੂਰਨੇ ਉਨ੍ਹਾਂ ਸਾਡੇ ਲਈ ਹੀ ਪਾਏ ਹਨ। ਵੈਰੀ ਤੋਂ, ਧਰਮ ਦੇ ਦੋਖੀਆਂ ਜਾਬਰਾਂ ਤੋਂ ਕਿਸੇ ਹਾਲਤ ਵਿਚ ਵੀ ਨਾ ਡਰਨਾ, ਇਹੋ ਹੀ ਤਾਂ ਸਾਨੂੰ ਸਿਖਿਆ ਦਿੱਤੀ ਹੈ। ਮਰਦੀ ਸਭ ਦੁਨੀਆਂ ਹੈ, ਕੌਣ ਹੈ ਜੋ ਮਰਦਾ ਨਹੀਂ? ਜੋ ਵੀ ਜੰਮਿਆ ਹੈ, ਅਖੀਰ ਉਸ ਨੇ ਮਰਨਾ ਹੈ ਤੇ ਸਤਿਗੁਰੂ ਜੀ ਨੇ ਸਾਨੂੰ ਚੰਗੀ ਮੌਤੇ, ਤੇ ਸ਼ਹੀਦ ਦੀ ਪਦਵੀ ਵਾਲੀ ਮੌਤੇ ਮਰਨ ਦੀ ਸਿਖਿਆ ਦਿੱਤੀ ਹੈ। ਜੇ ਮਰਨਾ ਕੀ ਤੇ ਫਿਰ ਡਰਨਾ ਕੀ?

ਕਬੀਰ ਜੀ ਫੁਰਮਾਦੇ ਹਨ—

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

ਇਉਂ ਇਹ ੧੦-੧੨ ਸਿੰਘ ਜੋ ਬਚ ਕੇ ਜੰਗਲਾਂ ਵਿਚ ਪਹੁੰਚੇ ਸਨ, ਗੱਲਾਂ ਕਰ ਰਹੇ ਸਨ। ਜ਼ਾਲਮ ਸੂਬੇਦਾਰ ਦੀਆਂ ਸਖਤੀਆਂ ਤੇ ਸਿੰਘਾਂ ਦੀਆਂ ਕੁਰਬਾਨੀਆਂ ਦਾ ਵਰਣਨ ਕਰ ਰਹੇ ਸਨ।

****

੫.

ਹੇ ਵਾਹਿਗੁਰੂ! ਹੇ ਅਕਾਲ ਪੁਰਖ! ਇਸ ਵੇਲੇ ਸਿੰਘਾਂ ਦੀ ਸਹਾਇਤਾ ਤੂੰ ਹੀ ਕਰ। ਹੇ ਸਤਿਗੁਰੂ ਜੀਓ, ਸਦਾ ਹੀ ਸਿੱਖ ਦੇ ਅੰਗ ਸੰਗ ਤੇ ਦੁੱਖਾਂ ਸੁਖਾਂ ਵਿਚ ਇਕ ਸਾਰ ਨਾਲ ਰਹਿਣ ਵਾਲੇ ਸਤਿਗੁਰੂ ਜੀਓ, ਤੁਸਾਂ ਖਾਲਸੇ ਨੂੰ ਅਕਾਲ ਪੁਰਖ ਦੀ ਚਰਨ ਸ਼ਰਨ ਵਿਚ ਰਹਿਣ ਦਾ ਹੁਕਮ ਦਿੱਤਾ ਸੀ, ਪਰ ਹੁਣ ਇਸ ਔਖੇ ਸਮੇਂ ਖਾਲਸੇ ਦੀ ਰਖਿਆ ਕਰੋ, ਦੁੱਖਾਂ ਦੀ ਚੱਕੀ ਵਿਚ ਪਿਸ ਰਹੇ ਖਾਲਸੇ ਦੇ ਸਹਾਈ ਹੋਵੋ। ਸਿੰਘਾਂ ਦੇ ਜਥੇ ਪੰਜਾਬੋਂ ਦੂਰ ਨਿਕਲ ਗਏ ਹਨ, ਪੰਜਾਬ ਵਿਚ ਇਸ ਸਮੇਂ ਵੈਰੀ ਦਾ ਬੋਲ ਬਾਲਾ ਹੈ, ਅਸੀਂ ਪਵਿੱਤਰ ਗੁਰਧਾਮਾਂ ਦੇ ਨੇੜੇ ਨਹੀਂ ਢੁਕ ਸਕਦੇ ਤੇ ਗੁਰਧਾਮਾਂ ਦੀ ਬੇਅਦਬੀ ਹੋ ਰਹੀ ਹੈ– ਹੇ ਅਕਾਲ ਪੁਰਖ! ਇਸ ਸਮੇਂ ਆਪਣੇ ਪੰਥ ਦੀ ਰਖਿਆ ਕਰੋ, ਸਤਿਗੁਰੂ ਜੀ ਨੇ ਪੰਥ ਚਲਾਉਣ ਬਾਰੇ ਤੁਹਾਨੂੰ ਕਿਹਾ ਸੀ ਕਿ ਇਹ ਤਾਂ ਹੀ ਚਲ ਸਕਦਾ ਹੈ ਜੇ ਤੁਸੀਂ ਸਹਾਇਤਾ ਕਰੋ–

ਠਾਢ ਭਯੋ ਮੈ ਜੋਰ ਕਰ,
ਬਚਨ ਕਹਾ ਸਿਰ ਨਿਯਾਇ॥
ਪੰਥ ਚਲੈ ਤਬ ਜੰਗਤ ਮੈ,
ਜਬ ਤੁਮ ਹੋਹਿ ਸਹਾਇ॥

ਸੋ ਹੇ ਅਕਾਲ! ਇਸ ਸਮੇਂ ਤੁਹਾਡੀ ਸਹਾਇਤਾ ਤੇ ਮਦਦ ਦੀ ਲੋੜ ਹੈ, ਸੋ ਰਖਿਆ ਕਰੋ।

ਪੰਜਾਬ ਤੋਂ ਬਾਹਰ ਗਏ ਹੋਏ ਖਾਲਸੇ ਨੂੰ ਵੀ ਆਪਣੇ ਪੰਜਾਬ ਦੀ ਯਾਦ ਸਤਾ ਰਹੀ ਸੀ ਤੇ ਪੰਜਾਬ ਵਿਚ ਜੋ ਬਚੇ ਖੁਚੇ ਸਿੰਘ ਕਿਤੇ ਕਿਤੇ ਜੰਗਲਾਂ ਵਿਚ ਸਨ, ਉਹ ਅਕਾਲ ਪੁਰਖ ਅੱਗੇ ਸਤਿਗੁਰੂ ਜੀ ਅੱਗੇ ਤੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਇਹੋ ਜਿਹੀਆਂ ਅਰਦਾਸਾਂ ਹੀ ਦਿਨੇ ਰਾਤ ਕਰਦੇ ਸਨ— ਸਭ ਦਾ ਧਿਆਨ ਹਰ ਸਮੇਂ ਸਤਿਗੁਰੂ ਜੀ ਵੱਲ ਸੀ ਤੇ ਗੁਰਬਾਣੀ ਦੇ ਪਾਠ ਦਾ ਸਭ ਤੋਂ ਵਧੀਕ ਸਹਾਰਾ ਲੈ ਕੇ, ਸਿੰਘ ਇਹ ਦਿਨ ਗੁਜ਼ਾਰ ਰਹੇ ਸਨ।

ਤਰਨ ਤਾਰਨ ਦੇ ਨੇੜੇ ਨੂਰ ਦੀ ਸਰਾਂ ਦੇ ਕੋਲ, ਆਲੇ-ਦੁਆਲੇ ਛਿਛਰਿਆਂ ਦੇ ਬੜੇ ਵੱਡੇ ਜੰਗਲ ਸਨ। ਵਿਚੇ ਹੀ ਕਿੱਕਰਾਂ ਤੇ ਕੰਡਿਆਲੇ ਮਲ੍ਹੇ ਆਦਿ ਵੀ ਸਨ। ਇਹ ਜੰਗਲ ਝਬਾਲ ਦੇ ਇਲਾਕੇ ਵਿਚ ਦੂਰ ਤਕ ਕਈ ਮੀਲਾਂ ਵਿਚ ਸੀ। ਜਿਨ੍ਹਾਂ ਸਿੰਘਾਂ ਨੇ ਰਾਤ ਬਰਾਤੇ ਸ੍ਰੀ ਹਰਿਮੰਦਰ ਤੇ ਅੰਮ੍ਰਿਤ ਸਰੋਵਰ ਵਿਚ ਟੁੱਭਾ ਲਾਉਣਾ ਹੁੰਦਾ ਸੀ, ਉਹ ਦੂਰੋਂ ਜੰਗਲਾਂ ਵਿਚੋਂ ਨਿਕਲ ਕੇ ਇਸੇ ਜੰਗਲ ਵਿਚ ਆ ਜਾਂਦੇ ਸਨ। ਇਸੇ ਜੰਗਲ ਦੇ ਨੇੜਿਓਂ ਲਾਹੌਰ ਤੋਂ ਦਿੱਲੀ ਨੂੰ ਜਾਣ ਵਾਲੀ ਸ਼ਾਹੀ ਸੜਕ ਜਾਂਦੀ ਸੀ, ਪਰ ਸੜਕ ਦੇ ਆਲੇ-ਦੁਆਲੇ ਦੂਰ-ਦੂਰ ਤਕ ਛਿਛਰਾ ਹੀ ਛਿਛਰਾ ਸੀ, ਜੋ ਝਬਾਲ ਤੋਂ ਲੈ ਕੇ ਤਰਨਤਾਰਨ ਸਾਹਿਬ ਤਕ ਕਈ ਮੀਲਾਂ ਤਕ ਸੜਕ ਦੇ ਨਾਲ-ਨਾਲ ਜੰਗਲ ਦੇ ਰੂਪ ਵਿਚ ਤੁਰਿਆ ਜਾਂਦਾ ਸੀ।

ਏਸ ਜੰਗਲ ਵਿਚ ਹੀ ਭਾਈ ਬੋਤਾ ਸਿੰਘ ਜੀ ਜੋ ਸੰਧੂ ਗੋਤ ਦੇ ਸਨ ਤੇ ਭੜਾਣੇ ਪਿੰਡ ਦੇ ਵਾਸੀ ਸਨ, ਇਹ ਕਈ ਮਹੀਨਿਆਂ ਤੋਂ ਇਸੇ ਜੰਗਲ ਵਿਚ ਲੁਕ ਛਿਪ ਕੇ ਦਿਨ ਬਿਤਾ ਰਹੇ ਸਨ। ਇਸ ਨੂੰ ਇਕ ਹੋਰ ਸਾਥੀ ਗਰਜਾ ਸਿੰਘ ਮਿਲ ਗਿਆ ਸੀ। ਇਹ ਭਾਈ ਗਰਜਾ ਸਿੰਘ ਮਜ਼ਹਬੀ ਸਿੰਘ ਸੀ, ਪਰ ਖੰਡੇ ਦਾ ਅੰਮ੍ਰਿਤ ਛਕਣ ਮਗਰੋਂ ਕੋਈ ਜ਼ਾਤ ਨਹੀਂ ਰਹਿੰਦੀ। ਇਹ ਕੱਲਾ ਹੁੰਦਾ ਹੈ ਤੇ ਦੋ ਰਲ ਕੇ ੧੧ ਹੋ ਜਾਂਦੇ ਹਨ, ਇਹੀ ਹਾਲ ਇਹਨਾਂ ਦਾ ਸੀ। ਇਹ ਥੋੜ੍ਹੇ ਦਿਨ ਹੀ ਆਪਣੇ ਜਥਿਆਂ ਨਾਲੋਂ ਨਿੱਖੜ ਕੇ ਵੱਖ ਵੱਖ ਰਹੇ, ਪਰ ਛੇਤੀ ਹੀ ਜੰਗਲ ਵਿਚ ਫਿਰਦੇ ਇਹਨਾਂ

ਦਾ ਆਪੋ ਵਿਚ ਮੇਲ ਹੋ ਗਿਆ ਸੀ। ਸੋ ਇਹ ਸਕੇ ਭਰਾਵਾਂ ਨਾਲੋਂ ਵੀ ਵਧ ਕੇ ਇਕ ਦੂਜੇ ਦੇ ਹਿਤੂ ਤੇ ਸਹਾਇਕ ਬਣ ਕੇ ਦਿਨ ਕੱਟ ਰਹੇ ਸਨ।

ਦਿਨ ਵੇਲੇ ਤਾਂ ਇਹ ਲੁਕ ਛਿਪ ਕੇ ਰਹਿੰਦੇ ਸਨ, ਪਰ ਰਾਤ ਵੇਲੇ ਹਰਨਾਂ ਵਾਂਗੂੰ ਫਿਰਦੇ ਸਨ। ਸੰਧਿਆ ਤੋਂ ਬਾਅਦ ਇਹ ਰਹਿਰਾਸ ਦੇ ਪਾਠ ਮਗਰੋਂ ਇਹ ਸੜਕ 'ਤੇ ਆ ਜਾਂਦੇ ਤੇ ਖਾਣ ਪੀਣ ਲਈ ਆਹਰ ਪਾਹਰ ਕਰ ਲੈਂਦੇ ਸਨ। ਕਦੇ ਤਾਂ ਖੇਤਾਂ ਵਿਚੋਂ ਵੀ ਉਦਰ-ਪੂਰਨਾ ਕਰ ਲੈਂਦੇ ਸਨ, ਪਰ ਜੇ ਕਿਸੇ ਰਾਹਗੀਰ ਕੋਲ ਕੋਈ ਖਾਣ ਪੀਣ ਦਾ ਸਾਮਾਨ ਵੇਖਦੇ ਸਨ, ਤਾਂ ਗਰਜ ਕੇ ਜਾਂਦੇ ਸਨ। ਭਾਵੇਂ ਕੋਲ ਤਲਵਾਰਾਂ ਨਹੀਂ ਸਨ, ਨਾ ਬੰਦੂਕ ਨਾ ਨੇਜ਼ਾ ਆਦਿ ਸੀ, ਕੇਵਲ ਅਣਘੜੇ ਜਿਹੇ ਮੋਟੇ ਮੋਟੇ ਦੋ ਸੋਟੇ ਹੀ ਹੁੰਦੇ ਸਨ। ਉਹਨਾਂ ਨਾਲ ਹੀ ਇਹ ਧੋਹਾ ਮਾਹੀ ਵੀ ਕਰਦੇ ਸਨ ਤੇ ਆਪਣੀ ਰਾਖੀ ਵੀ ਕਰਦੇ ਸਨ। ਬਸ ਇਉਂ ਜਦੋਂ ਵੀ ਇਹਨਾਂ ਦੀ ਉਦਰ ਪੂਰਨਾ ਹੋ ਜਾਂਦੀ ਤੇ ਦੂਜੇ ਦਿਨ ਜੋਗਾ ਵੀ ਕੁਝ ਪ੍ਰਾਪਤ ਹੋ ਜਾਂਦਾ, ਤਾਂ ਇਹ ਵਾਪਸ ਉਥੇ ਆ ਜਾਂਦੇ, ਜਿਥੇ ਕੋਈ ਮਾੜੀ ਮੋਟੀ ਬਹਿਣ ਉਠਣ ਦੀ ਥਾਂ ਇਹਨਾਂ ਬਣਾਈ ਹੋਈ ਸੀ।

ਅਜੇਹੀਆਂ ਥਾਵਾਂ 'ਤੇ ਰਹਿਣਾ ਕੋਈ ਸੌਖਾ ਤਾਂ ਨਹੀਂ ਸੀ। ਭੁੰਏ ਜ਼ਮੀਨ ਤੇ ਰਾਤ ਸਮੇਂ ਸੱਪ ਵੀ ਫਿਰਦੇ ਸਨ ਤੇ ਹੋਰ ਨੂੰਹੇਂ ਤੇ ਚੂਹਿਆਂ ਆਦਿ ਦਾ ਤਾਂ ਅੰਤ ਹੀ ਨਹੀਂ ਸੀ। ਇਸ ਲਈ ਕਈ ਵੇਰ ਇਹਨਾਂ ਨੂੰ ਦਰਖਤਾਂ ਦੇ ਉਤੇ ਚੜ੍ਹ ਕੇ ਰਾਤ ਕੱਟਣੀ ਪੈਂਦੀ ਸੀ ਜਦੋਂ ਕਿ ਮੀਂਹ ਕਾਰਨ ਧਰਤੀ ਗਿੱਲੀ ਹੋ ਜਾਣੀ ਜਾਂ ਕੋਈ ਹੋਰ ਕਾਰਨ ਹੋਣਾ। ਕਈ ਵਾਰੀ ਰਾਤ ਬੈਠ ਕੇ ਹੀ ਗੁਜ਼ਾਰਨੀ ਪੈਂਦੀ ਸੀ ਤੇ ਦਿਨ ਸਮੇਂ ਦੂਰ ਛਿਛਰਿਆਂ ਦੇ ਓਹਲੇ ਲੁਕ ਕੇ ਘੜੀ ਅੱਖ ਲਾ ਲੈਂਦੇ ਸਨ। ਪਰ ਜਦੋਂ ਬਹੁਤਾ ਦਿਲ ਉਦਾਸ ਹੁੰਦਾ ਸੀ ਤੇ ਜੀਵਨ ਦੇ ਦਿਨ ਗੁਜ਼ਾਰਨੇ ਔਖੇ ਪ੍ਰਤੀਤ ਹੁੰਦੇ ਸਨ, ਤਾਂ ਧਾਈ ਕਰ ਕੇ ਰਾਤੋ-ਰਾਤ ਅੰਮ੍ਰਿਤਸਰ ਵੱਲ ਆਉਂਦੇ, ਪੱਤਿਆਂ, ਕੰਡਿਆਂ ਤੇ ਬੂਰ ਨਾਲ ਢੱਕੇ ਹੋਏ ਅੰਮ੍ਰਿਤ ਸਰੋਵਰ ਦੇ ਜਲ ਦੇ ਉਤੋਂ ਸਭ ਕੁਝ ਹਟਾ ਕੇ ਪ੍ਰਗਟ ਕਰ ਲੈਂਦੇ, ਨਾਲੇ ਸਾਹਮਣੇ

ਬੰਦ ਬੂਹਿਆਂ ਵਾਲੇ ਹਰਿਮੰਦਰ ਸਾਹਿਬ ਨੂੰ ਦੂਰੋਂ ਹੀ ਨਮਸਕਾਰ ਕਰਦੇ ਤੇ ਬਸ ਫੁਰਤੀ ਕਰ ਕੇ ਟੁੱਭਾ ਲਾਉਣ ਦੀ ਕਰਦੇ। ਦੂਰ ਨੇੜੇ ਮੁਗ਼ਲ ਸਿਪਾਹੀ ਉਂਘਲਾਉਂਦੇ ਹੁੰਦੇ, ਜੇ ਕਿਤੇ ਕੋਈ ਜਾਗ ਪੈਂਦਾ ਤੇ 'ਕੌਣ ਹੈ?' ਦੀ ਅਵਾਜ਼ ਦਿੰਦਾ, ਤਾਂ ਸਿੰਘਾਂ ਨੇ ਕਹਿਣਾ, 'ਓਏ ਅਸੀਂ ਹੀ ਹਾਂ, ਹੋਰ ਕੋਈ ਨਹੀਂ।' ਉਨ੍ਹਾਂ ਅੱਗੋਂ ਅਵਾਜ਼ ਦੇ ਕੇ ਫਿਰ ਪੁੱਛਣਾ, 'ਓਏ ਅਸੀਂ ਕੌਣ?' ਪਰ ਸਿੰਘਾਂ ਨੇ ਅੱਗੋਂ ਬੋਲਣਾ ਹੀ ਨਾ ਤੇ ਖਿਸਕਣ ਦੀ ਕਰਨੀ। ਜਿੰਨਾ ਚਿਰ ਤਕ ਉਨ੍ਹਾਂ ਨੇ ਬੱਤੀਆਂ ਜਗਾ ਕੇ ਜਾਂ ਉੱਚੀਆਂ ਕਰ ਕੇ ਆ ਕੇ ਵੇਖਣ ਦਾ ਯਤਨ ਕਰਨਾ, ਸਿੰਘਾਂ ਦੂਰ ਨਿਕਲ ਜਾਣਾ ਤੇ ਹਨੇਰੇ ਨੇ ਉਨ੍ਹਾਂ ਦੀ ਡਾਢੀ ਸਹਾਇਤਾ ਕਰਨੀ।

ਇਕ ਵਾਰੀ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਇਸ਼ਨਾਨ ਕਰਨ ਲਈ ਰਾਤ ਸਮੇਂ ਆਏ, ਤਾਂ ਇਕ ਮੁਗ਼ਲ ਸਿਪਾਹੀ, ਜੋ ਉਨ੍ਹਾਂ ਨੂੰ ਤਾੜ ਰਿਹਾ ਸੀ, ਸਿਰ 'ਤੇ ਆ ਪੁੱਜਾ। ਗਰਜਾ ਸਿੰਘ ਨੇ ਅਵਾਜ਼ ਦਿੱਤੀ, 'ਭਾਈ ਬੋਤਾ ਸਿੰਘ ਜੀ, ਤਿਆਰ ਬਰ ਤਿਆਰ ਰਹੋ।' ਅਜੇ ਉਹ ਹਰਿਮੰਦਰ ਸਾਹਿਬ ਨੂੰ ਨਮਸਕਾਰਾਂ ਹੀ ਕਰ ਰਹੇ ਸਨ ਤੇ ਇਸ਼ਨਾਨ ਕਰਨਾ ਚਾਹੁੰਦੇ ਸਨ ਕਿ ਮੁਗ਼ਲ ਸਿਪਾਹੀ ਸਿਰ 'ਤੇ ਆ ਪੁੱਜਾ। ਉਸ ਬਾਕੀ ਸਾਥੀਆਂ ਨੂੰ ਅਵਾਜ਼ ਦਿੱਤੀ, 'ਓਏ ਸਿੰਘ ਆਏ ਜੇ, ਫੜੋ ਇਨ੍ਹਾਂ ਨੂੰ।' ਪਰ ਭਾਈ ਬੋਤਾ ਸਿੰਘ ਦੇ ਅਣਘੜੇ ਸੋਟੇ ਦੀ ਜਦੋਂ ਸਿਰ ਵਿਚ ਸੱਟ ਪਈ ਤਾਂ ਫਿਰ 'ਹਾਏ' ਤੋਂ ਬਿਨਾਂ ਹੋਰ ਕੁਝ ਉਸ ਦੇ ਮੂੰਹੋਂ ਨਾ ਨਿਕਲ ਸਕਿਆ। ਅੱਗੋਂ ਉਸ ਦੇ ਸਾਥੀਆਂ ਨੇ ਅਵਾਜ਼ ਦਿੱਤੀ, 'ਓ ਕਿਧਰ ਨੇ ਸਿੰਘ?' ਪਰ ਉਸ ਦੀ ਤਾਂ ਖੋਪਰੀ ਫਿਸ ਗਈ ਤੇ ਜਾਨ ਹਵਾ ਹੋ ਗਈ ਸੀ, ਅੱਗੋਂ ਅਵਾਜ਼ ਕੌਣ ਦਿੰਦਾ? ਸਿੰਘ ਉਸ ਦੇ ਬਰਛੇ ਨੂੰ ਚੁੱਕ ਕੇ ਦੂਰ ਨਿਕਲ ਗਏ ਸਨ। ਉਸ ਖੋਪਰ-ਫਿੱਸੇ ਸਾਥੀ ਨੂੰ ਕਿੰਨਾ ਸਮਾਂ ਬਾਅਦ ਉਨ੍ਹਾਂ ਵੇਖਿਆ, ਜਦੋਂ ਕੁੱਤੇ ਉਸ ਦੇ ਮਾਸ ਨੂੰ ਖਾਣ ਲਈ ਆਣ ਇਕੱਠੇ ਹੋਏ ਤੇ ਆਪੋ ਵਿਚ ਭਊਂ ਭਊਂ ਕਰ ਕੇ ਲੜਨ ਲੱਗ ਪਏ ਸਨ।

ਦਿਨ ਵੇਲੇ ਤਾਂ ਉਹ ਬੜੇ ਤੀਸਮਾਰ ਖਾਂ ਬਣੇ ਫਿਰਦੇ ਤੇ ਆਪੇ

ਵਿਚ ਗੱਲਾਂ ਕਰਦੇ ਸਨ, ਹੁਣ ਸਿੰਘ ਤਾਂ ਨਜ਼ਰ ਹੀ ਨਹੀਂ ਆਉਂਦੇ, ਪਤਾ ਨਹੀਂ ਕਿਧਰ ਗਏ, ਜਾਂ ਸਾਰੇ ਖਤਮ ਹੋ ਗਏ ਹਨ। ਪਰ ਜਦੋਂ ਕੋਈ ਇਹ ਜਿਹਾ ਵਾਕਿਆ ਹੋ ਜਾਂਦਾ ਤਾਂ ਕਹਿੰਦੇ, ਪਤਾ ਨਹੀਂ, ਇਹ ਸੂਰ ਰਾਤ ਵੇਲੇ ਕਿਧਰੋਂ ਆ ਜਾਂਦੇ ਹਨ। ਬਿੱਲੀਆਂ, ਕੁੱਤੇ, ਹਿਰਨ ਆਦਿਕਾਂ ਨੂੰ ਆਖਦੇ ਹਨ ਕਿ ਰਾਤ ਵੇਲੇ ਸਭ ਕੁਝ ਨਜ਼ਰ ਆਉਂਦਾ ਹੈ, ਉਹਨਾਂ ਦੀਆਂ ਅੱਖਾਂ ਵਿਚ ਕੁਦਰਤ ਨੇ ਕੋਈ ਐਸੀ ਸਿਫਤ ਭਰੀ ਹੋਈ ਹੈ। ਪਰ ਮਨੁੱਖਾਂ ਨੂੰ ਤਾਂ ਚਾਨਣੇ ਤੋਂ ਬਿਨਾਂ ਰਾਤ ਵੇਲੇ ਕੁਝ ਵੀ ਨਜ਼ਰ ਨਹੀਂ ਆਉਂਦਾ। ਪਰ ਇਹ ਸਿੰਘ ਖੌਰੇ ਕਿਸ ਮਿੱਟੀ ਦੇ ਖੁਦਾ ਨੇ ਬਣਾਏ ਹਨ, ਕਿ ਇਹ ਰਾਤ ਵੇਲੇ ਵੀ ਭੱਜੇ ਫਿਰਦੇ ਹਨ। ਨਾ ਹਨੇਰੇ ਦੀ ਪਰਵਾਹ ਕਰਦੇ ਹਨ, ਨਾ ਕਿਸੇ ਜਾਨਵਰ ਦੀ। ਅਸੀਂ ਤਾਂ ਚਾਰ ਕਦਮ ਵੀ ਰਾਤ ਵੇਲੇ ਚੱਲਣਾ ਹੋਵੇ, ਤਾਂ ਕਹੀਦਾ ਹੈ ਕਿ ਹਨੇਰੇ ਵਿਚ ਕੋਈ ਸੱਪ, ਨੂੰਹਾਂ ਨਾ ਡੱਸ ਦੇਵੇ, ਪਰ ਇਹ ਇਹੋ ਜੇਹੀ ਗੱਲ ਸੋਚਦੇ ਵੀ ਨਹੀਂ।

ਸੋ ਇਹੋ ਜਿਹੀਆਂ ਗੱਲਾਂ ਮੁਗਲ-ਸਿਪਾਹੀ ਕਰਦੇ ਤੇ ਉਨ੍ਹਾਂ ਦੇ ਅਫਸਰ ਵੀ ਜੋ ਰਾਤ ਵੇਲੇ ਅਰਾਮ ਨਾਲ ਪਲੰਘਾਂ 'ਤੇ ਸੁੱਤੇ ਹੁੰਦੇ ਸਨ, ਇਹ ਸਭ ਕੁਝ ਸੁਣ ਕੇ ਤੇ ਦੇਖ ਕੇ ਹੈਰਾਨ ਹੋ ਜਾਂਦੇ।

ਭਾਈ ਬੋਤਾ ਸਿੰਘ ਜੀ ਤੇ ਗਰਜਾ ਸਿੰਘ ਜੀ ਇਉਂ ਬਹੁਤ ਵਾਰੀ ਅੰਮ੍ਰਿਤਸਰ ਆਉਂਦੇ ਰਹੇ। ਕਿਤੇ ਦਾਅ ਲਗ ਜਾਂਦਾ ਤਾਂ ਇਸ਼ਨਾਨ ਕਰ ਜਾਂਦੇ, ਨਹੀਂ ਤਾਂ ਨਮਸਕਾਰ ਕਰ ਕੇ ਹੀ ਮੁੜ ਜਾਂਦੇ ਸਨ। ਇਸ ਤਰ੍ਹਾਂ ਨਾਲ ਉਹ ਝਬਾਲ ਦੀ ਜੂਹ ਵਿਚ ਕਈ ਮਹੀਨਿਆਂ ਤੋਂ ਦਿਨ-ਕਟੀ ਕਰ ਰਹੇ ਸਨ। ਏਨੇ ਚਿਰ ਵਿਚ ਉਨ੍ਹਾਂ ਨੂੰ ਕਦੇ ਕਿਸੇ ਸਿੰਘ ਨਾਲ ਮਿਲਾਪ ਨਹੀਂ ਹੋਇਆ ਸੀ, ਤੇ ਨਾ ਹੀ ਉਨ੍ਹਾਂ ਸੁਣਿਆ ਸੀ ਕਿ ਸਿੰਘ ਇਥੇ ਨੇੜੇ ਦੇ ਕਿਸੇ ਜੰਗਲ ਵਿਚ ਹਨ। ਹਾਂ, ਇਸ ਗੱਲ ਦਾ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਸਿੰਘ ਦੂਰ ਮਾਲਵੇ ਵਿਚ ਹਨ, ਜਾਂ ਮਾਲਵੇ ਤੋਂ ਵੀ ਅੱਗੇ ਬੀਕਾਨੇਰ ਦੇ ਜੰਗਲਾਂ ਵੱਲ ਚਲੇ ਗਏ ਹਨ। ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਵੀ ਬਾਣੀ ਦੇ ਰਸੀਏ ਤੇ ਗੁਰੂ ਕੇ ਪੂਰਨ ਸਿੱਖ ਸਨ

ਜਿਨ੍ਹਾਂ ਨੂੰ ਸਿੱਖੀ ਨਾਲ ਪਿਆਰ ਸੀ, ਸਿੱਖੀ ਦੀ ਰੰਗਣ ਸੀ। ਇਹੋ ਜੇਹੇ ਬਿਖੜੇ ਤੇ ਔਖੇ ਸਮੇਂ ਹੋਰ ਕੌਣ ਸੀ, ਜੋ ਆਪਣੇ ਆਪ ਨੂੰ ਸਿੱਖ ਸਾਬਤ ਕਰ ਸਕੇ? ਉਸ ਸਮੇਂ ਸਿੱਖੀ ਗੱਲਾਂ ਦੀ ਨਹੀਂ ਸੀ, ਅਮਲ ਦੀ ਸੀ ਤੇ ਅਮਲ ਵੀ ਸਿਰ ਧੜ ਦੀ ਬਾਜ਼ੀ ਦਾ ਸੀ। ਸਿਰ ਦੇ ਕੇ ਸਿੱਖੀ ਧਾਰਨ ਕਰਨੀ ਪੈਂਦੀ ਤੇ ਨਿਭਾਉਣੀ ਪੈਂਦੀ ਸੀ। ਭਾਈ ਬੋਤਾ ਸਿੰਘ ਤੇ ਲੁਕ ਛਿਪ ਕੇ ਆਪਣੇ ਝਬਾਲ ਵਾਲੇ ਜੰਗਲ ਵਿਚ ਦਿਨ ਚੜ੍ਹੇ ਤੋਂ ਪਹਿਲਾਂ ਹੀ ਜਾ ਪੁੱਜੇ, ਜੰਗਲੋਂ ਬਾਹਰ ਹੀ ਉਹਨਾਂ ਨੂੰ ਲੋਅ ਲੱਗ ਗਈ। ਸ਼ਾਹੀ ਸੜਕ ਦੇ ਉਰਲੇ ਪਾਸਿਓਂ ਲੰਘ ਕੇ ਉਹਨਾਂ ਪਰਲੇ ਜੰਗਲ ਵਿਚ ਜਾਣਾ ਸੀ, ਜਿਥੇ ਛਛਰਿਆਂ ਦੇ ਨਾਲ ਕਿੱਕਰਾਂ ਦੇ ਝੁੰਡ ਤੇ ਆਮ ਕੰਡਿਆਲੇ ਮਲ੍ਹੇ ਵੀ ਸਨ, ਜਿਨ੍ਹਾਂ ਵੱਲ ਜਾਣ ਦਾ ਆਮ ਮਨੁੱਖ ਹੀਆ ਨਹੀਂ ਸੀ ਕਰਦਾ। ਕਿਉਂਕਿ ਮਲ੍ਹਿਆਂ ਵਿਚ ਰਾਤ ਵੇਲੇ ਦੀ ਗੱਲ ਛੱਡੋ, ਦਿਨ ਵੇਲੇ ਵੀ ਆਮ ਸੱਪਾਂ ਦੇ ਬੋਲਣ ਦੀ ਆਵਾਜ਼ ਆਉਂਦੀ ਸੀ, ਤੇ ਸੜਕ 'ਤੇ ਜਾਂਦੇ ਰਾਹੀ ਇਹਨਾਂ ਆਵਾਜ਼ਾਂ ਨੂੰ ਸੁਣ ਕੇ ਹੀ ਡਰਦੇ-ਡਰਦੇ ਔਖੇ ਲੰਘਦੇ ਸਨ ਕਿ ਕਿਧਰੇ ਏਧਰ ਹੀ ਕੋਈ ਫਨੀਅਰ ਸੱਪ ਸਾਡੇ ਮਗਰ ਨਾ ਆ ਜਾਵੇ।

ਪਰ ਧੰਨ ਗੁਰੂ ਕੇ ਸਿੰਘ, ਜੋ ਰਾਤ ਦਿਨ ਅਜੇਹੇ ਜੰਗਲਾਂ ਵਿਚ ਰਹਿੰਦੇ ਤੇ ਦਿਨ ਬਿਤਾਂਦੇ ਸਨ। ਪਰ ਅੱਤ ਲੋਅ ਲੱਗ ਜਾਣ ਕਰਕੇ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਸੜਕ ਨੂੰ ਪਾਰ ਕਰ ਕੇ ਉਰਲੇ ਪਾਸੇ, ਇਕ ਛੱਪੜ ਦੇ ਨੀਵੇਂ ਥਾਂ ਵਿਚ ਹੀ ਲੁਕ ਗਏ, ਜਿਹੜਾ ਛਿਛਰਿਆਂ ਦੇ ਬੂਟਿਆਂ ਨਾਲ ਬਿਲਕੁਲ ਹੀ ਭਰਿਆ ਪਿਆ ਸੀ। ਛਿਛਰੇ ਦੇ ਬੂਟੇ ਦੋ ਫੁਟ ਤੋਂ ਲੰਮੇ ਨਹੀਂ ਹੁੰਦੇ ਜਿਨ੍ਹਾਂ ਵਿਚ ਲੇਟੇ ਤੋਂ ਬਿਨਾਂ ਆਦਮੀ ਲੁਕ ਨਹੀਂ ਸਕਦਾ, ਪਰ ਨੀਵੀਂ ਥਾਂ ਜਾਣ ਕੇ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਲੇਟੇ ਨਾ, ਆਪਣੇ ਆਪ ਨੂੰ ਓਹਲੇ ਸਮਝ ਕੇ ਬੈਠ ਪਏ। ਦੂਰੋਂ ਸੜਕ ਤੋਂ ਸੱਚਮੁਚ ਹੀ ਇਹਨਾਂ ਨੂੰ ਕੋਈ ਦੇਖ ਨਹੀਂ ਸੀ ਸਕਦਾ, ਪਰ ਗੱਲ ਬਣਨੀ ਸੀ, ਸਿੰਘਾਂ ਦੇ ਜੀਵਨ ਵਿਚ ਪਲਟਾ ਆਉਣਾ ਸੀ, ਸੋ

ਇਹ ਗੱਲ ਬਣ ਗਈ।

ਅੱਠ ਦਸ ਪੇਂਡੂ ਝਬਾਲ ਵੱਲੋਂ ਨੂਰ ਦੀ ਸਰਾਂ ਵਾਲੇ ਪਾਸੇ ਜਾ ਰਹੇ ਸਨ। ਉਹ ਮੂੰਹ ਹਨੇਰੇ ਹੀ ਸਫਰ ਲਈ ਚੱਲੇ ਸਨ, ਤੇ ਦੋ ਕੁ ਮੀਲ ਚੱਲ ਕੇ ਆਏ ਸਨ ਕਿ ਉਥੇ ਕੁ ਹੀ ਆ ਕੇ ਸੜਕ ਤੇ ਰੁਕ ਗਏ, ਜਿਥੇ ਕੁ ਸੜਕ ਤੋਂ ਕੁਝ ਦੂਰ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਨੀਵੇਂ ਥਾਂ ਲੁਕ ਕੇ ਬੈਠੇ ਹੋਏ ਸਨ।

ਇਹ ਰਾਹੀ ਜੰਗਲ ਪਾਣੀ ਜਾਣ ਦੇ ਵਿਚਾਰ ਨਾਲ ਇਥੇ ਰੁਕੇ ਸਨ।

ਇਹਨਾਂ ਵਿਚੋਂ ਬਹੁਤੇ ਉਸ ਪਾਸੇ ਹੀ ਗਏ, ਜਿਸ ਪਾਸੇ ਸਿੰਘ ਲੁਕੇ ਹੋਏ ਸਨ। ਕਈ ਤਾਂ ਨੇੜੇ ਹੀ ਬਹਿ ਗਏ। ਕਈ ਹੋਰ ਅੱਗੇ-ਅੱਗੇ ਹੁੰਦੇ ਸਿੰਘਾਂ ਦੇ ਬਿਲਕੁਲ ਨੇੜੇ ਚਲੇ ਗਏ। ਦੂਰੋਂ ਭਾਵੇਂ ਸਿੰਘ ਨਜ਼ਰ ਨਹੀਂ ਆਉਂਦੇ ਸਨ, ਪਰ ਨੇੜੇ ਜਾਣ ਤੇ ਇਕ ਦੋਂਹ ਨੇ ਦੇਖ ਲਿਆ ਤੇ ਉਹ ਡਰਦੇ ਹੋਰ ਅਗਾਂਹ ਹੋਣੋਂ ਰੁਕ ਗਏ, ਕਿ ਇਹ ਸਾਡੇ ਗਲ ਹੀ ਨਾ ਪੈ ਜਾਣ, ਪਰ ਲੁਕੇ ਹੋਏ ਸਿੰਘਾਂ ਨੇ ਹੋਰ ਲੁਕਣ ਦੀ ਕੋਸ਼ਿਸ਼ ਕੀਤੀ।

ਦੋ ਕੁ ਰਾਹੀਂ ਨੇੜੇ ਗਏ ਸਨ, ਜਿਨ੍ਹਾਂ ਨੇ ਸਿੰਘਾਂ ਨੂੰ ਵੇਖਿਆ ਸੀ। ਇਕ ਨੇ ਕਿਹਾ-

'ਵੇਖਿਆ ਈ ਕੁਝ?'

'ਕੀ?'

'ਇਹ ਸਿੰਘ ਹੀ ਹਨ।'

'ਨਹੀਂ, ਇਹ ਸਿੰਘ ਨਹੀਂ ਹੋਣੇ।'

'ਕਿਉਂ?'

'ਸਿੰਘ ਲੁਕਦੇ ਨਹੀਂ ਹੁੰਦੇ, ਲੁਕਣ ਵਾਲੇ ਸਿੰਘ ਨਹੀਂ ਹੁੰਦੇ, ਕੋਈ ਹੋਰ ਹੋਣੇ ਨੇ।'

'ਪਰ ਮੈਂ ਤਾਂ ਚੰਗੀ ਤਰ੍ਹਾਂ ਵੇਖਿਆ ਏ, ਸਿੰਘ ਹੀ ਹਨ।'

'ਨਹੀਂ, ਇਹ ਕੋਈ ਚੋਰ ਡਾਕੂ ਹੋਣੇ ਨੇ, ਨਾਲੇ ਸਿੰਘ ਤਾਂ ਪੰਜਾਬ ਵਿਚ ਕੋਈ ਰਿਹਾ ਹੀ ਨਹੀਂ, ਸਭ ਸੂਬੇਦਾਰ ਜ਼ਕਰੀਆ ਖਾਂ ਨੇ ਮਰਵਾ ਦਿੱਤੇ

ਹਨ। ਪੰਜਾਬ ਵਿਚ ਤਾਂ ਕਿੰਨਾ ਹੀ ਚਿਰ ਹੋ ਗਿਆ ਹੈ, ਕਦੇ ਕਿਸੇ ਨੇ ਕੋਈ ਸਿੰਘ ਵੇਖਿਆ ਹੀ ਨਹੀਂ।

'ਹੱਛਾ, ਫਿਰ ਮੈਨੂੰ ਭੁਲੇਖਾ ਲੱਗ ਗਿਆ ਹੋਣੈਂ।'

ਉਹ ਜਾਂਦੇ ਜਾਂਦੇ ਸਿੰਘਾਂ ਵੱਲ ਵੇਖਦੇ-ਵੇਖਦੇ ਇਹ ਗੱਲਾਂ ਕਰੀ ਗਏ। ਸਿੰਘ ਵੀ ਦੜ ਵੱਟ ਕੇ ਬੈਠੇ ਰਹੇ, ਪਰ ਬੋਲੇ ਨਾ। ਪਰ ਇਹ ਗੱਲਾਂ ਸਿੰਘਾਂ ਦੇ ਹਿਰਦੇ ਵਿਚ ਕਾਤੀ ਚਲਾ ਗਈਆਂ। ਇਹਨਾਂ ਖਿਆਲਾਂ ਨੇ ਸਿੰਘਾਂ ਨੂੰ ਕੁਝ ਚਿਰ ਆਪੋ ਵਿਚ ਵੀ ਬੋਲਣੋਂ ਰੋਕ ਛੱਡਿਆ, ਤੇ ਉਹ ਚੁੱਪ ਕਰ ਕੇ ਕਿੰਨਾ ਹੀ ਚਿਰ ਇਹਨਾਂ ਸੋਚਾਂ ਵਿਚ ਡੁੱਬੇ ਰਹੇ-ਸੱਚਮੁਚ ਇਹਨਾਂ ਰਾਹੀਆਂ ਨੇ ਸਾਡੇ ਬਾਰੇ ਠੀਕ ਹੀ ਕਿਹਾ ਹੈ। ਸਿੰਘ ਕੀ, ਮੌਤ ਤੋਂ ਡਰ ਕੇ ਇਓਂ ਲੁਕ ਕੇ ਦਿਨ ਬਤੀਤ ਕਰਨਗੇ? ਇਹ ਕਾਇਰਤਾ ਸਾਡੇ ਵਿਚ ਕਿਓਂ ਆਈ ਹੈ? ਕੀ ਸਾਨੂੰ ਹੁਣ ਵੀ ਇਸੇ ਲੁਕਣ ਮੀਟੀ ਦੇ ਮਗਰ ਹੀ ਲੱਗੇ ਰਹਿਣਾ ਚਾਹੀਦਾ ਹੈ?

ਦੋਵੇਂ ਸਿੰਘ ਇਹਨਾਂ ਸੋਚਾਂ ਵਿਚਾਰਾਂ ਵਿਚ ਆਪੋ ਆਪਣੀ ਥਾਂ ਡੁੱਬੇ ਰਹੇ। ਕਿੰਨਾ ਹੀ ਚਿਰ ਉਹ ਆਪਸ ਵਿਚ ਨਾ ਬੋਲੇ, ਨਾ ਇਕ ਦੂਜੇ ਵੱਲ ਵੇਖਿਆ।

ਰਾਹਗੀਰ ਸੜਕ 'ਤੇ ਫਿਰ ਇਕੱਠੇ ਹੋਏ ਤੇ ਅੱਗੇ ਨੂੰ ਤੁਰ ਗਏ। ਪਤਾ ਨਹੀਂ ਇਸ ਬਾਰੇ ਉਹਨਾਂ ਵਿਚ ਕੋਈ ਹੋਰ ਗੱਲਾਂ ਹੋਈਆਂ ਜਾਂ ਨਾ ਹੋਈਆਂ। ਪਰ ਓਧਰ ਲੁਕੇ ਬੈਠੇ ਸਿੰਘਾਂ ਨੂੰ ਇਕ ਦੋ ਗੱਲਾਂ ਨੇ ਹੀ ਘਾਇਲ ਕਰ ਦਿੱਤਾ ਸੀ। ਉਹ ਆਪਣੇ ਆਪ 'ਤੇ ਲਾਹਨਤਾਂ ਤੇ ਫਿਟਕਰਾਂ ਪਾ ਰਹੇ ਸਨ। ਭਾਵੇਂ ਚਿੱਟਾ ਦਿਨ ਚੜ੍ਹ ਆਇਆ ਸੀ, ਪਰ ਹੁਣ ਮਨ ਵਿਚ ਉਹਨਾਂ ਨੇ ਆਪਣੇ ਇਸ ਲੁਕ-ਛਿਪ ਕੇ ਦਿਨ ਕੱਟਣ ਦੇ ਢੰਗ ਨੂੰ ਬਦਲ ਦੇਣ ਦਾ ਤਹੱਈਆ ਧਾਰ ਲਿਆ ਸੀ।

ਰਾਹੀਆਂ ਦੇ ਚਲੇ ਜਾਣ ਦੇ ਕੁਝ ਚਿਰ ਪਿੱਛੋਂ ਭਾਈ ਬੋਤਾ ਸਿੰਘ ਨੇ ਆਵਾਜ਼ ਦਿੱਤੀ-

'ਗਰਜਾ ਸਿੰਘ।'

'ਕੀ ਗੱਲ?'

'ਸਿੰਘ ਜੀ, ਉਠੋ ਦੂਜੇ ਬੰਨੇ ਚੱਲੀਏ।'

'ਕੋਈ ਵੇਖ ਨਾ ਲਵੇ?'

'ਕੋਈ ਗੱਲ ਨਹੀਂ ਵੇਖ ਲੈਣ ਦਿਓ, ਜਿਹੜਾ ਵੇਖਦਾ ਹੈ। ਤੁਸੀਂ ਉਠੋ, ਦੂਜੇ ਬੰਨੇ ਗਾਹੜੇ ਜੰਗਲ ਵਿਚ ਚੱਲੀਏ।'

'ਚੱਲੋ!' ਕਹਿ ਕੇ ਗਰਜਾ ਸਿੰਘ ਉਠ ਬੈਠਾ। ਭਾਈ ਬੋਤਾ ਸਿੰਘ ਜੀ ਨੇ ਦੇਰ ਨਾ ਲਾਈ। ਦੋਵੇਂ ਸਿੰਘ ਉਠ ਬੈਠੇ। ਉਨ੍ਹਾਂ ਕੋਲ ਹਥਿਆਰ ਤਾਂ ਕੇਵਲ ਅਣਘੜੇ ਸੋਟੇ ਸਨ, ਜੋ ਚੰਗੇ ਮੋਟੇ ਮੋਟੇ ਸਨ। ਉਹ ਉਹਨਾਂ ਸੰਭਾਲ ਲਏ।

'ਗਰਜਾ ਸਿੰਘ! ਸਲੋਤਰੇ (ਸੋਟੇ) ਨੂੰ ਤਿਆਰ ਰੱਖਣਾ! ਜੇ ਕੋਈ ਅੜਿਆ ਵੀ ਵੇਖ ਕੇ, ਤਾਂ ਇਸੇ ਨਾਲ ਝਾੜ ਦਿਆਂਗੇ।'

'ਪਰ ਏਨੇ ਵਿਚ ਸਾਨੂੰ ਕਿਨ੍ਹ ਵੇਖਣਾ ਹੈ ਤੇ ਕਿਨ੍ਹ ਅੜਨਾ ਹੈ? ਤੁਸੀਂ ਲੰਘ ਚੱਲੋ, ਕੋਈ ਗੱਲ ਨਹੀਂ, ਜਿਵੇਂ ਸਤਿਗੁਰੂ ਜੀ ਕਰਨਗੇ, ਹੋ ਜਾਏਗਾ।

'ਠੀਕ ਹੈ, ਸਤਿਗੁਰੂ ਜੀ ਨੇ ਹੀ ਸਭ ਕੁਝ ਕਰਨਾ ਹੈ। ਅਕਾਲ ਪੁਰਖ ਦੇ ਪੁੱਤਰ ਹਾਂ, ਕੋਈ ਮਖੌਲ ਤਾਂ ਨਹੀਂ। ਵੈਰੀਆਂ ਨੂੰ ਭੰਨ ਦਿਆਂਗੇ।

'ਪਰ ਹੁਣ ਲੁਕਣਮੀਟੀ ਵਾਲੀ ਖੇਡ ਅਸਾਂ ਛੱਡ ਦੇਣੀ ਹੈ।'

'ਠੀਕ ਹੈ। ਮੇਰਾ ਦਿਲ ਵੀ ਇਹੋ ਕਹਿੰਦਾ ਹੈ, ਹੱਛਾ, ਕਾਹਲ ਕਰੋ, ਅਗਾਹ ਲੰਘ ਕੇ ਗਲਾਂ ਕਰਾਂਗੇ।'

ਇਉਂ ਗੱਲਾਂ ਕਰਦੇ-ਕਰਦੇ ਸਿੰਘ ਕੁਝ ਮਿੰਟਾਂ ਵਿਚ ਹੀ ਸੜਕ ਪਾਰ ਕਰਕੇ ਔਰੇ ਗਾਹੜੇ ਜੰਗਲ ਵੱਲ ਚਲੇ ਗਏ, ਤੇ ਇਕ ਥਾਂ ਅਰਾਮ ਕਰਨ ਲਈ ਬੈਠ ਗਏ।

****

੬.

ਕੁਝ ਉਦਰ-ਪੂਰਨਾ ਦੇ ਆਹਰ ਮਗਰੋਂ ਭਾਈ ਬੋਤਾ ਸਿੰਘ ਜੀ ਬੋਲੇ- 'ਅਸੀਂ ਦੋਵੇਂ ਸਾਥੀ ਕਈ ਮਹੀਨਿਆਂ ਤੋਂ ਹੀ ਇਸੇ ਤਰ੍ਹਾਂ ਹੀ ਦਿਨ ਗੁਜ਼ਾਰ ਰਹੇ ਹਾਂ, ਪਰ ਹੁਣ ਦਿਲ ਚਾਹੁੰਦਾ ਹੈ ਕਿ ਇਸ ਤਰ੍ਹਾਂ ਲੁਕ ਕੇ ਨਾ ਰਹੀਏ ਤੇ ਪ੍ਰਗਟ ਹੋ ਜਾਈਏ।'

'ਦਿਲ ਤਾਂ ਮੇਰਾ ਵੀ ਇਹੋ ਹੀ ਕਰਦਾ ਹੈ। ਹੁਣ ਤਾਂ ਸ਼ਹੀਦੀਆਂ ਪਾਈਏ।

'ਠੀਕ ਹੈ ਮੇਰੇ ਦੂਲੇ ਦਲੇਰ ਸਾਥੀ ਜੀਓ! ਮੇਰਾ ਦਿਲ ਵੀ ਇਹੋ ਚਾਹੁੰਦਾ ਹੈ।

'ਚੰਗਾ ਹੋਇਆ, ਦੋਹਾਂ ਦੀ ਰਾਇ ਮਿਲ ਗਈ।'

'ਰਾਇ ਤਾਂ ਮਿਲਣੀ ਹੀ ਸੀ। ਅੱਜ ਉਹਨਾਂ ਰਾਹੀਆਂ ਦੀਆਂ ਗੱਲਾਂ ਜੋ ਸੁਣੀਆਂ ਸਨ।'

'ਹਾਂ, ਸੁਣੀਆਂ ਸਨ।

'ਲੋਕੀਂ ਸਾਨੂੰ ਸਿੰਘ ਸਮਝਣ ਵੀ ਕਿਵੇਂ?'

'ਪਰ ਇਹ ਗੱਲ ਤਾਂ ਮੈਨੂੰ ਖਾ ਗਈ ਹੈ। ਮੈਂ ਤਾਂ ਉਸੇ ਵੇਲੇ ਦਾ ਹੀ ਆਪਣੇ ਆਪ 'ਤੇ ਲਾਹਨਤਾਂ ਪਾ ਰਿਹਾ ਹਾਂ।'

'ਲਾਹਨਤ ਪਾਉਣ ਦੀ ਕੀ ਲੋੜ ਹੈ? ਇਹ ਤਾਂ ਗੁਰੂ ਨੇ ਹੀ ਸਾਨੂੰ ਭੁੱਲਿਆਂ ਨੂੰ ਰਾਹੇ ਪਾਣ ਦੀ ਪ੍ਰੇਰਨਾ ਦਿੱਤੀ ਹੈ। ਹੁਣ ਹੀ ਸੰਭਲ ਗਏ, ਤਾਂ

ਬਸ ਠੀਕ ਹੀ ਠੀਕ ਹੈ। ਇਸ ਜੀਵਨ ਖੁਣੋਂ ਥੁੜਿਆ ਹੀ ਕੀ ਹੈ? ਹੁਣ ਪੂਰੇ ਸਿੰਘ ਬਣ ਕੇ ਵਿਖਾਈਏ। ਜਿਹੜੇ ਲੋਕ ਆਖਦੇ ਹਨ, ਪੰਜਾਬ ਵਿਚ ਸਿੰਘ ਨਹੀਂ ਰਹੇ, ਉਹਨਾਂ ਨੂੰ ਪਤਾ ਲੱਗ ਜਾਏ ਕਿ ਸਿੰਘ ਪੰਜਾਬ ਵਿਚ ਹੈਗੇ ਨੇ! ਕੀ ਹੋਇਆ ਜੇ ਸਿੰਘ ਦੂਰ ਚਲੇ ਗਏ ਹਨ? ਪਰ ਉਹਨਾਂ ਦੇ ਮਨ ਤਾਂ ਪੰਜਾਬ ਤੋਂ ਦੂਰ ਨਹੀਂ ਗਏ। ਬੜੇ ਸਿੰਘ ਨੇ ਜੋ ਅਰਦਾਸਾਂ ਕਰਦੇ ਹੋਣਗੇ ਕਿ ਇਹਨਾਂ ਵੈਰੀਆਂ ਦਾ ਨਾਸ ਹੋਵੇ, ਧਰਮ-ਦੋਖੀਆਂ ਤੇ ਕੋਈ ਰੱਬੀ ਕਹਿਰ ਨਾਜ਼ਲ ਹੋਵੇ, ਸੋ ਇਹ ਜੋ ਪਾਪਾਂ ਦੇ ਬੇੜੇ ਹਨ, ਇਹ ਭਰ ਕੇ ਡੁੱਬਿਆ ਕਰਦੇ ਹਨ। ਜ਼ਾਲਮ ਤੇ ਧਰਮ ਦੇ ਦੋਖੀ ਰਾਜੇ ਪੈਦਾ ਹੋ ਜਾਂਦੇ ਹਨ, ਰਾਜ ਪ੍ਰਾਪਤ ਕਰ ਕੇ ਉਹ ਹੰਕਾਰੀ ਹੋ ਜਾਂਦੇ ਹਨ। ਰੱਬ ਨੂੰ ਭੁੱਲ ਜਾਂਦੇ ਹਨ, ਪਰ ਰੱਬ ਉਹਨਾਂ ਨੂੰ ਨਹੀਂ ਭੁੱਲਦਾ, ਉਹ ਉਹਨਾਂ ਨੂੰ ਹਰ ਕੀਤੇ ਕੁਕਰਮ ਦੀ ਸਜ਼ਾ ਦਿੰਦਾ ਹੈ। ਪਰ ਉਸ ਨੂੰ ਆਪਣੀਆਂ ਮਨ-ਮਾਨੀਆਂ ਕਰਨ ਦੇ ਸਮੇਂ ਵਿਚ ਨਹੀਂ ਰੋਕਦਾ, ਕਿਉਂਕਿ ਉਹ ਸਮਾਂ (ਟਾਈਮ) ਉਸ ਨੂੰ ਪਰਮੇਸ਼ਰ ਨੇ ਪਿਛਲੇ ਪੁੰਨ ਕਰਮਾਂ ਦੇ ਇਵਜ਼ ਵਿਚ ਆਪ ਹੀ ਦਿੱਤਾ ਹੁੰਦਾ ਹੈ ਨਹੀਂ ਤੇ ਉਹ ਦੇਵੇਂ ਪਾਪ ਕਰਨ ਦੇ ਸਮੇਂ ਹੀ ਪਾਪੀ ਨੂੰ ਪਾਪ ਕਰਨ ਤੋਂ ਰੋਕ ਦੇਵੇ। ਸਿੰਘ ਜੀ, ਪਰਮੇਸ਼ਰ ਦੀ ਗਤੀ (ਭਾਣੇ) ਨੂੰ ਕੋਈ ਨਹੀਂ ਜਾਣ ਸਕਦਾ, ਉਹ ਜੋ ਕਰ ਰਿਹਾ ਹੈ, ਠੀਕ ਹੀ ਕਰ ਰਿਹਾ ਹੈ।

ਇਹ ਆਖ ਕੇ ਸਿੰਘ ਪਿਛਲੇ ਇਤਿਹਾਸਕ ਵਾਕਿਆਤ (ਪਿਛਲੇ ਦੁਸ਼ਟਾਂ ਤੇ ਭਗਤਾਂ ਦੀਆਂ, ਰਾਖਸ਼ਾਂ ਤੇ ਦੇਵਤਿਆਂ ਦੀਆਂ) ਸਾਖੀਆਂ ਕਰਨ ਲੱਗ ਗਏ। ਨਾਲ ਹੀ ਗੁਰਬਾਣੀ ਦੇ ਪ੍ਰੇਮੀ ਭਾਈ ਮਨੀ ਸਿੰਘ ਜੀ ਕੋਲੋਂ ਸਾਖੀਆਂ ਤੇ ਪ੍ਰਸੰਗ ਸੁਣਨ ਵਾਲੇ ਇਹ ਸਿੰਘ ਉਸੇ ਤਰ੍ਹਾਂ ਹੀ ਇਕ ਦੂਜੇ ਨੂੰ ਸਾਖੀਆਂ ਤੇ ਪ੍ਰਸੰਗ ਸੁਣਾਉਂਦੇ ਗਏ ਤੇ ਗੁਰੂ ਭਗਤੀ ਤੇ ਹਰੀ ਭਗਤੀ ਦੇ ਰਸ ਵਿਚ ਮਗਨ ਹੋ ਕੇ ਕਿੰਨਾ ਹੀ ਚਿਰ ਬੈਠੇ ਰਹੇ। ਦੁਪਹਿਰ ਢਲ ਗਈ, ਲੌਢਾ ਪਹਿਰ ਆ ਗਿਆ। ਪਰ ਅਜੇ ਪ੍ਰਸੰਗ ਚੱਲ ਰਹੇ

ਸਨ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਜ਼ਿਕਰ ਕਰਦੇ ਹੋਏ ਭਾਈ ਬੋਤਾ ਸਿੰਘ ਜੀ ਕਹਿ ਰਹੇ ਸਨ-

'ਕਲਗੀਧਰ ਪਿਤਾ ਸਭ ਕੁਝ ਕਰ ਸਕਣ ਦੇ ਸਮਰੱਥ ਸਨ, ਪਰ ਉਨ੍ਹਾਂ ਪਰਮੇਸ਼ਰ ਦੇ ਹੁਕਮ ਤੇ ਪਰਮੇਸ਼ਰ ਦੀ ਗਤੀ ਨੂੰ ਮੁੱਖ ਰਖਿਆ, ਤੇ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਰਹੇ।'

'ਠੀਕ ਹੈ, ਪਰ ਇਹ ਵੀ ਓਹੀ ਕਰ ਸਕਦਾ ਹੈ, ਜਿਸ ਨੂੰ ਪਰਮੇਸ਼ਰ ਸਮਰੱਥਾ ਦੇਵੇ, ਹਰ ਕੋਈ ਕਰ ਹੀ ਨਹੀਂ ਸਕਦਾ। ਲੱਖਾਂ ਦੁਸ਼ਮਣਾਂ ਦੇ ਟਾਕਰੇ 'ਤੇ ਖਲ ਜਾਣਾ, ਕੱਚੀ ਗੜ੍ਹੀ ਦੇ ਵਿਚ ਹੀ ਆਕੀ ਹੋ ਕੇ ਦੁਸ਼ਮਣ ਦੇ ਛੱਕੇ ਛੁਡਾ ਦੇਣੇ, ਉਹਨਾਂ ਨੂੰ ਗੜ੍ਹੀ ਤੋਂ ਦੂਰ ਹਟਣ 'ਤੇ ਮਜਬੂਰ ਕਰ ਦੇਣਾ। ਤੀਰ-ਅੰਦਾਜ਼ੀ ਦੇ ਐਸੇ ਜੌਹਰ ਦਿਖਾਣੇ ਕਿ ਦੁਸ਼ਮਣਾਂ ਦੇ ਝੁੰਡ ਸਿਖੇਰ ਕੇ ਰੱਖ ਦੇਣੇ, ਇਹ ਕੋਈ ਕਰ ਸਕਦਾ ਹੈ?'

'ਕੌਰਵਾਂ ਪਾਂਡਵਾ ਦੇ ਵੇਲੇ ਦੀਆਂ ਗੱਲਾਂ ਸੁਣਦੇ ਸਾਂ ਕਿ ਭੀਮ ਤੇ ਅਰਜਨ ਬੜੇ ਬਹਾਦਰ ਸਨ। ਉਹਨਾਂ ਦੇ ਤੀਰਾਂ ਦੀ ਮਾਰ ਅੱਗੇ ਹਜ਼ਾਰਾਂ ਦੁਸ਼ਮਣ ਵੀ ਖਲੋਂਦੇ ਨਹੀਂ ਸਨ, ਪਰ ਉਹਨਾਂ 'ਤੇ ਅੱਜਕਲ੍ਹ ਯਕੀਨ ਨਹੀਂ ਸੀ ਆਉਂਦਾ, ਪਰ ਕਲਗੀਧਰ ਪਾਤਸ਼ਾਹ ਜੀ ਨੇ ਉਹੀ ਗੱਲਾਂ ਤਾਜ਼ਾ ਕਰ ਕੇ ਦਿਖਾ ਦਿੱਤੀਆਂ ਹਨ। ਸਿਰਫ ਚਾਲੀ ਸਿੰਘਾਂ ਦੀ ਮਦਦ ਨਾਲ ਸਾਰੇ ਦਿਨ ਵਿਚ ਗੜ੍ਹੀ ਦੇ ਦੁਆਲੇ ਲਾਸ਼ਾਂ ਹੀ ਲਾਸ਼ਾਂ ਦੇ ਢੇਰ ਲਾ ਦਿੱਤੇ ਤੇ ਫਿਰ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਉਸ ਦੇ ਨਾਲ ਪੰਜਾਂ ਸਿੰਘਾਂ ਨੇ ਗੜ੍ਹੀ ਤੋਂ ਬਾਹਰ ਨਿਕਲ ਕੇ ਵੈਰੀ ਦਲ ਦੇ ਵਿਚ ਵੜ ਕੇ ਉਹ ਕਟ-ਵੱਢ ਕੀਤੀ ਕਿ ਹਜ਼ਾਰਾਂ ਦੁਸ਼ਮਣਾਂ ਨੂੰ ਮਾਰ ਕੇ ਪੁਰਜ਼ਾ-ਪੁਰਜ਼ਾ ਹੋ ਕੇ ਸ਼ਹੀਦ ਹੋ ਗਏ। ਅੱਜ ਤਕ ਦੇ ਦੁਨੀਆਂ ਦੇ ਇਤਿਹਾਸ ਵਿਚ ਇਹ ਮਿਸਾਲ ਨਹੀਂ ਮਿਲਦੀ ਕਿ ਕਿਸੇ ਪਿਓ ਨੇ ਆਪਣੇ ਹੱਥੀਂ ਸਜਾ ਕੇ, ਸਿਖਿਆ ਦੇ ਕੇ ਆਪਣੇ ਪੁੱਤਰ ਨੂੰ ਜੰਗ ਵਿਚ ਤੋਰਿਆ ਹੋਵੇ ਤੇ ਉਹ ਉਸ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਹੋ ਜਾਏ।

ਇਥੇ ਹੀ ਬਸ ਨਹੀਂ, ਵੱਡੇ ਪੁੱਤਰ ਨੂੰ ਪੁਰਜ਼ਾ-ਪੁਰਜ਼ਾ ਹੋ ਕੇ ਸ਼ਹੀਦ ਹੁੰਦਾ ਵੇਖਣ ਮਗਰੋਂ ਫਿਰ ਛੋਟੇ ਪੁੱਤਰ ਨੂੰ ਵੀ ਸ਼ਹੀਦ ਹੋਣ ਲਈ ਦੁਸ਼ਮਣਾਂ ਵੱਲ ਭੇਜ ਦਿੱਤਾ। ਉਸ ਨੂੰ ਵੀ ਜਦ ਵੇਖਿਆ ਕਿ ਸ਼ਹੀਦ ਹੋ ਗਿਆ ਹੈ, ਤਾਂ ਫਿਰ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਕਿ 'ਤੇਰੀ ਅਮਾਨਤ ਅਦਾ ਹੋਈ' ਸ਼ਬਦ ਕਹਿ ਕੇ ਉਸ ਨੂੰ ਸਿਰ ਝੁਕਾਇਆ।

ਮੇਰੇ ਕਲਗੀਆਂ ਵਾਲੇ ਪਾਤਸ਼ਾਹ ਨੇ ਇਥੇ ਹੀ ਬਸ ਨਹੀਂ ਕੀਤੀ, ਗੁਰੂ ਚੇਲਾ ਹੋਣ ਦਾ ਜੋ ਚੋਜ ਕੀਤਾ ਸੀ ਤੇ ਪੰਜਾਂ ਪਿਆਰਿਆਂ ਅੱਗੇ ਸਿਰ ਝੁਕਾਇਆ ਸੀ। ਉਸ ਦੀ ਇਥੇ ਅਮਲੀ ਮਿਸਾਲ ਪੇਸ਼ ਕੀਤੀ। ਸਿੰਘਾਂ ਦੇ ਮੰਗ ਕਰਨ 'ਤੇ ਆਪ ਇਸ ਗੱਲ ਨੂੰ ਮੰਨਣ ਲਈ ਤਿਆਰ ਨਾ ਹੋਏ ਕਿ ਦੁਸ਼ਮਣਾਂ ਦੇ ਘੇਰੇ ਵਿਚੋਂ ਨਿਕਲ ਜਾਣ ਕਿਉਂਕਿ ਐਸਾ ਕਰਨ ਨੂੰ ਇਸ ਵੇਲੇ ਉਹ ਤਿਆਰ ਨਹੀਂ ਸਨ ਕਿ ਐਸਾ ਕਰਨਾ ਗੀਦੀਪੁਣਾ ਹੈ। ਮੇਰੇ ਪਿਆਰੇ ਸਿੰਘ ਤੇ ਪੁੱਤਰ ਪੁਰਜ਼ਾ-ਪੁਰਜ਼ਾ ਹੋ ਕੇ ਸ਼ਹੀਦ ਹੋ ਜਾਣ ਤੇ ਮੈਂ ਬਚ ਕੇ ਨਿਕਲ ਜਾਵਾਂ? ਇਹ ਨਹੀਂ ਹੋ ਸਕਦਾ।

ਸਤਿਗੁਰੂ ਦੀ ਇਸ ਦ੍ਰਿੜ੍ਹਤਾ ਤੇ ਸਿਰੜ ਨੂੰ ਵੇਖ ਕੇ ਸਿੰਘ ਸੋਚੀਂ ਪੈ ਗਏ ਸਨ ਕਿ ਜੇ ਸਤਿਗੁਰੂ ਜੀ ਇਥੇ ਸ਼ਹੀਦ ਹੋ ਗਏ ਤਾਂ ਪੰਥ ਦਾ ਕੀ ਬਣੇਗਾ? ਸਿੰਘ ਸੋਚਦੇ ਸਨ ਕਿ ਜੇ ਸਤਿਗੁਰੂ ਜੀ ਬਚ ਜਾਣ ਤਾਂ ਉਹ ਤੇ ਹੋਰ ਸਿੰਘ ਸਜਾ ਲੈਣਗੇ, ਪਰ ਸਿੰਘ ਕੀ ਕਰਨਗੇ? ਸਿੰਘ ਸਤਿਗੁਰੂ ਪੈਦਾ ਨਹੀਂ ਕਰ ਸਕਦੇ। ਹਾਂ, ਸਤਿਗੁਰੂ ਜੀ ਸਿੰਘ ਪੈਦਾ ਕਰ ਸਕਦੇ ਹਨ। ਸੋ ਜਿਸ ਤਰ੍ਹਾਂ ਵੀ ਹੋਵੇ, ਸਤਿਗੁਰੂ ਜੀ ਬਚ ਜਾਣ ਤਾਂ ਠੀਕ ਗੱਲ ਹੈ। ਸੋਚ ਕੇ ਸਿੰਘਾਂ ਨੇ ਉਹ ਗੱਲ ਚੇਤੇ ਕੀਤੀ ਜੋ ਅੰਮ੍ਰਿਤ ਛਕਣ ਵੇਲੇ ਆਖੀ ਸੀ। ਉਹਨਾਂ ਫੁਰਮਾਇਆ ਸੀ ਕਿ ਪੰਜ ਪਿਆਰੇ ਮਿਲ ਕੇ ਜੋ ਵੀ ਆਗਿਆ ਕਰਨ, ਉਹ ਪੰਥ ਦਾ ਹੁਕਮ ਹੋਵੇਗਾ। ਮੈਂ ਕੀ, ਹਰ ਸਿੰਘ ਪੰਜਾਂ ਪਿਆਰਿਆਂ ਦੇ ਹੁਕਮ ਅੱਗੇ ਸਿਰ ਝੁਕਾਏਗਾ।

ਇਸ ਗੱਲ ਨੂੰ ਚੇਤੇ ਕਰਕੇ ਗੜ੍ਹੀ ਵਿਚਲੇ ਸਿੰਘਾਂ ਨੇ ਪੰਜਾਂ ਪਿਆਰਿਆਂ ਦੇ ਰੂਪ ਵਿਚ, ਪੰਥ ਰੂਪ ਹੋ ਕੇ, ਸਤਿਗੁਰੂ ਜੀ ਨੂੰ ਹੁਕਮ ਦਿੱਤਾ ਕਿ ਉਹ

ਪੰਥ ਦੀ ਖਾਤਰ ਗੜ੍ਹੀ ਵਿਚੋਂ ਬਚ ਕੇ ਨਿਕਲ ਜਾਣ। ਸਿੰਘਾਂ ਨੇ ਇਸ ਸਕੀਮ ਨਾਲ ਸਤਿਗੁਰੂ ਜੀ ਨੂੰ ਗੜ੍ਹੀ ਛੱਡਣ ਲਈ ਮਨਾ ਲਿਆ।

ਪਰ ਕੀ ਗੜ੍ਹੀ ਛੱਡ ਕੇ ਲੱਖਾਂ ਦੁਸ਼ਮਣਾਂ ਦੇ ਘੇਰੇ ਵਿਚੋਂ ਨਿਕਲ ਜਾਣਾ ਕੋਈ ਸੌਖੀ ਗੱਲ ਸੀ? ਪਰ ਸਤਿਗੁਰੂ ਪਾਤਸ਼ਾਹ ਜੀ ਦੇ ਇਸ ਦਲੇਰੀ ਭਰੇ ਕਦਮ ਨੂੰ ਦੇਖ? ਉਹਨਾਂ ਨੇ ਤਿੰਨ ਸਿੰਘ ਨਾਲ ਲਏ ਸਨ ਤੇ ਫਿਰ ਚੁੱਪ ਕਰ ਕੇ ਨਹੀਂ ਨਿਕਲੇ, ਤਾੜੀ ਮਾਰ ਕੇ ਦੁਸ਼ਮਣਾਂ ਨੂੰ ਆਵਾਜ਼ ਦੇ ਕੇ, ਲੈ ਭਾਈ ਗੁਰੂ ਗੜ੍ਹੀਓਂ ਬਾਹਰ ਆ ਗਿਆ ਜੇ, ਜਿਸ ਨੇ ਫੜਨਾ ਹੈ, ਫੜ ਲਵੇ! ਇਹ ਆਵਾਜ਼ ਇਕ ਵਾਰ ਨਹੀਂ ਦਿੱਤੀ, ਤਿੰਨ ਵਾਰ ਹੀ ਤਾੜੀ ਵਜਾਈ ਤੇ ਤਿੰਨੇ ਵਾਰ ਹੀ ਇਹ ਗੱਲ ਦੁਸ਼ਮਣਾਂ ਨੂੰ ਸੁਣਾ ਕੇ ਅੱਗੇ ਵਧੇ ਸਨ।

ਦੱਸੋ ਇਹੋ ਜਿਹਾ ਵਾਕਿਆ ਇਤਿਹਾਸ ਵਿਚ ਕਿਧਰੇ ਹੈ? ਸਾਰੀ ਰਾਤ ਹੀ ਦੁਸ਼ਮਣ ਦਲ ਫਿਰਦੇ, ਵੈਰੀ ਦਾ ਟਾਕਰਾ ਕਰਦੇ ਰਹੇ-ਏਨਾ ਘਮਸਾਨ ਹੋਇਆ ਕਿ ਪੈਰਾਂ ਵਿਚੋਂ ਜੁੱਤੀ ਵੀ ਉਤਰ ਗਈ। ਪੰਜ ਛੇ ਮੀਲ ਤਕ ਦੁਸ਼ਮਣ ਦੀ ਫ਼ੌਜ ਹੀ ਫ਼ੌਜ ਸੀ। ਉਸ ਨੂੰ ਚੀਰ ਕੇ ਦਿਨ ਚੜ੍ਹੇ ਕਿਧਰੇ ਝਾੜ ਸਾਹਿਬ ਪੁੱਜੇ, ਦੋ ਘੜੀਆਂ ਜੰਡ ਨਾਲ ਲੱਗ ਕੇ ਬੈਠੇ ਜਾਂ ਖੜੋਤੇ ਤੇ ਸਾਹ ਲਿਆ। ਇਕ ਦੋ ਮਹੀਆਂ ਤੇ ਬੱਕਰੀਆਂ ਦੇ ਚਾਰਨ ਵਾਲਿਆਂ ਆਪ ਨੂੰ ਪਛਾਣ ਲਿਆ, ਪਰ ਆਪ ਦੀ ਸ੍ਰੀ ਸਾਹਿਬ ਨੇ ਉਨ੍ਹਾਂ ਦੀ ਦੂਜੀ ਆਵਾਜ਼ ਨਿਕਲਣ ਤੋਂ ਪਹਿਲਾਂ ਹੀ ਉਹਨਾਂ ਦੇ ਸਿਰ ਧੜ ਨਾਲੋਂ ਜੁਦਾ ਕਰ ਦਿੱਤੇ ਸਨ।

ਇਸੇ ਤਰ੍ਹਾਂ ਹੀ ਝਾੜਾਂ ਤੇ ਕੰਡਿਆਲੀਆਂ ਵਾੜਾਂ ਵਿਚ ਪਾਤਸ਼ਾਹੀ ਨੰਗੇ ਪੈਰੀਂ ਤੁਰੇ ਗਏ। ਜਿਹੜੇ ਪਲੰਘਾਂ ਤੇ ਮਖਮਲੀ ਗਲੀਚਿਆਂ 'ਤੇ ਅਰਾਮ ਕਰਦੇ ਸਨ ਉਨ੍ਹਾਂ ਦੇ ਕੋਮਲ ਪੈਰ ਅੱਜ ਕੰਡਿਆਂ ਨਾਲ ਵਿੰਨ੍ਹੇ ਗਏ, ਲਹੂ ਲੁਹਾਣ ਹੋ ਗਏ ਤੇ ਅਖੀਰ ਦੂਜੀ ਰਾਤ ਮਾਛੀਵਾੜੇ ਦੇ ਕੋਲ ਬਾਹਰਵਾਰ ਪੁੱਜ ਗਏ। ਉਥੇ ਗੁਲਾਬੇ ਮਸੰਤ ਦੇ ਬਾਗ ਵਿਚ ਇੱਟ ਸਰ੍ਹਾਣੇ ਰੱਖੀ ਤੇ ਆਰਾਮ ਕਰਨ ਲਈ ਭੁੰਜੇ ਲੇਟ ਗਏ।

ਭਾਈ ਬੋਤਾ ਸਿੰਘ ਤੇ ਭਾਈ. ਗਰਜਾ ਸਿੰਘ ਰਾਤ ਪਈ ਤਕ ਇਨ੍ਹਾਂ ਗੱਲਾਂ ਵਿਚ ਮਸਤ ਰਹੇ। ਭਾਈ ਬੋਤਾ ਸਿੰਘ ਜੀ ਬੋਲੇ-ਗਰਜਾ ਸਿੰਘ ਜੀ. ਹੁਣ ਫਿਰ ਆਪਣਾ ਵੀ ਕੋਈ ਪ੍ਰੋਗਰਾਮ ਬਣਾਈਏ।'

'ਬਣਾ ਲਉ. ਮੈਂ ਤਾਂ ਬਸ ਜਿਵੇਂ ਕਹੋ ਤਿਆਰ ਹਾਂ। ਸਰੀਰ ਗੁਰੂ ਦਾ ਹੈ. ਗੁਰੂ ਲੇਖੇ ਲੱਗ ਜਾਵੇ ਤਾਂ ਹੀ ਠੀਕ ਹੈ।'

ਪਰ ਪ੍ਰੋਗਰਾਮ ਤੋਂ ਬਿਨਾਂ ਕੰਮ ਨਹੀਂ ਬਣਨਾ।

'ਪ੍ਰੋਗਰਾਮ ਕੀ ਬਣਾਈਏ?'

'ਬਸ ਪ੍ਰੋਗਰਾਮ ਐਸਾ ਹੋਵੇ ਕਿ ਇਕ ਵਾਰੀ ਸਭ ਪਾਸੇ ਸਿੰਘਾਂ ਦੀ ਚਰਚਾ ਹੋ ਜਾਏ।

'ਇਹ ਕਿਵੇਂ ਹੋਵੇਗਾ?'

ਹੋ ਸਕਦਾ ਹੈ।

'ਦੱਸੋ ਫਿਰ!'

ਸੜਕ 'ਤੇ ਬਹਿ ਕੇ ਮਸੂਲ ਉਗਰਾਹੀਏ!'

'ਮਸੂਲ? ਉਹ ਕਿਵੇਂ?'

ਮੇਰੇ ਦਿਲ-ਦਿਮਾਗ ਨੇ ਇਸ ਸਕੀਮ ਸੋਚੀ ਹੈ. ਜੇ ਸਤਿਗੁਰੂ ਸਹਾਇਤਾ ਕਰਨ ਤਾਂ ਸੁਆਦ ਆ ਜਾਏ!'

ਪਰ ਮੈਨੂੰ ਵੀ ਤਾਂ ਦੱਸੋ।'

ਦੇਖੋ. ਆਹ ਜੋਹੜੀ ਸੜਕ ਹੈ. ਏਥੋਂ ਕਿੰਨੇ ਘੋੜੇ, ਖੋਤੇ ਤੇ ਗੱਡੇ ਰੋਜ਼ ਹੀ ਲੰਘਦੇ ਹਨ। ਇਹ ਜੋ ਸ਼ਾਹੀ ਸੜਕ ਹੈ. ਇਹ ਰੋਕ ਲਈਏ। ਜਿਹੜਾ ਲੰਘੇ ਉਸ ਨੂੰ ਮਸੂਲ ਲੈ ਕੇ ਲੰਘਣ ਦੇਈਏ। ਸਾਡੇ ਕੋਲ ਤਾਂ ਇਹ ਸਲੋਤਰ (ਸੋਟੇ) ਹੀ ਹਥਿਆਰ ਹਨ. ਇਸੇ ਨਾਲ ਹੀ ਜਿਹੜਾ ਅੜੇ ਉਸ ਨੂੰ ਸੂਤ ਕਰ ਦੇਈਏ. ਇਉਂ ਕਰਾਂਗੇ ਤਾਂ ਆਪੇ ਟੱਕਰ ਹੋਏਗੀ। ਦੋਹ ਚੋਹ ਨੂੰ ਤਾਂ ਅਸੀਂ ਦਵਾਲ ਹੀ ਕੁਝ ਨਹੀਂ ਹਾਂ, ਹਾਂ ਸੌ ਦੋ ਸੌ ਫ਼ੌਜ ਆਈ ਤਾਂ ਫਿਰ ਸ਼ਹੀਦੀਆਂ ਪ੍ਰਾਪਤ ਕਰਾਂਗੇ। ਪਰ ਐਸੇ ਹੱਥ ਦਿਖਾ ਕੇ ਸ਼ਹੀਦ ਹੋਈਏ ਕਿ ਪਿਛਲੀ ਭੁੱਲ ਕੀਤੀ ਦੀ ਕਸਰ ਨਿਕਲ ਜਾਏ। ਸੋ ਮੇਰਾ ਤਾਂ

ਇਸ ਤਰ੍ਹਾਂ ਕਰਨ ਨੂੰ ਚਿਤ ਚਾਹੁੰਦਾ ਹੈ ਕਿ ਲੁਕਣਾ ਛੱਡੀਏ ਤੇ ਇਸ ਤਰੀਕੇ ਨਾਲ ਪ੍ਰਤੱਖ ਹੋਈਏ। ਦੌਂਹ ਚੌਂਹ ਕੋਲੋਂ ਜਦ ਅਸਾਂ ਮਸੂਲ ਲਿਆ ਆਪੇ ਪੁਛ-ਗਿਛ ਹੁੰਦੀ ਫਿਰੇਗੀ ਕਿ ਇਹ ਕੌਣ ਹਨ। ਨਾਲੇ ਮਸੂਲ ਅਸਾਂ ਕੋਈ ਸਰਕਾਰੀ ਨੌਕਰ ਕਹਿ ਕੇ ਥੋੜ੍ਹਾ ਲੈਣਾ ਹੈ? ਇਹੋ ਕਹਿਣਾ ਹੈ ਕਿ ਖਾਲਸਾ ਫ਼ੌਜ ਦਾ ਮਸੂਲ ਹੈ, ਅਸੀਂ ਸਿੰਘ ਹਾਂ ਤੇ ਸਾਡੀ ਇਸ ਥਾਂ ਡਿਊਟੀ ਲੱਗੀ ਹੈ।

'ਵਾਹ ਭਾਈ ਬੋਤਾ ਸਿੰਘ ਜੀ ਵਾਹ! ਇਹ ਤਾਂ ਕਮਾਲ ਦੀ ਗੱਲ ਸੋਚੀ ਜੇ! ਨਾਲੇ ਤਾਂ ਲੁਕਣੋਂ ਹਟਾਂਗੇ ਨਾਲੇ ਮਨੁੱਖਾਂ ਨਾਲ ਸਿੱਧਾ ਵਾਹ ਪਏਗਾ ਤੇ ਵਿਗੜੇ ਤਿਗੜਿਆਂ ਨਾਲ ਦੋ ਹੱਥ ਕਰਿਆ ਕਰਾਂਗੇ। ਇਹ ਤਾਂ ਸਾਡੇ ਦੋਹਾਂ ਹੱਥਾਂ ਵਿਚ ਲੱਡੂ ਵਾਲੀ ਗੱਲ ਹੈ। ਜੇ ਕੁਝ ਕਰ ਉਗ੍ਰਾਹ ਲਿਆ ਤਾਂ ਵੀ ਖਾਲਸੇ ਦੀ ਸ਼ਾਨ ਤੇ ਜੇ ਸ਼ਹੀਦੀ ਦੀ ਨੌਬਤ ਆ ਬਣੇ ਤਾਂ ਇਸ ਗੱਲ ਨੂੰ ਅਸੀਂ ਅੱਗੇ ਹੀ ਚਾਹੁੰਦੇ ਹਾਂ। ਵਾਹ-੨ ਬਹੁਤ ਅੱਛਾ ਹੀ ਪ੍ਰੋਗਰਾਮ ਹੈ।'

'ਫਿਰ ਐਉਂ ਕਰੀਏ, ਅੱਜ ਰਾਤ ਅਰਾਮ ਕਰੀਏ, ਪਰ ਭੁੰਜੇ ਤਾਂ ਅਰਾਮ ਕਰਨਾ ਠੀਕ ਨਹੀਂ।'

'ਫਿਰ?'

ਆਓ, ਅੱਗੇ ਉਸ ਬੋਹੜ ਹੇਠ ਚੱਲੀਏ। ਉਸ ਦੇ ਉਪਰ ਦੋ ਟਾਹਣਾਂ 'ਤੇ ਅਸਾਂ ਉਸ ਦਿਨ ਅਰਾਮ ਕੀਤਾ ਸੀ ਨਾ, ਅੱਜ ਵੀ ਓਦਾਂ ਹੀ ਕਰੀਏ।

ਪਰ ਉਸ ਦਿਨ ਤਾਂ ਦੋ ਛੋਟੇ-ਛੋਟੇ ਟਾਹਣ ਹੋਰ ਥਾਓਂ ਵੱਢ ਕੇ ਉਨ੍ਹਾਂ ਦੋਹਾਂ ਟਾਹਣਾਂ 'ਤੇ ਰੱਖ ਕੇ ਆਸਰਾ ਕਰ ਲਿਆ ਸੀ ਅੱਜ ਕੀ ਕਰਾਂਗੇ? ਹੁਣ ਤਾਂ ਦਿਨ ਡੁਬ ਗਿਆ ਹੈ।'

'ਹੱਛਾ ਚੱਲੋ ਤਾਂ ਸਹੀ, ਕੁਝ ਨਾ ਕੁਝ ਕਰ ਲਵਾਂਗੇ।'

ਇਹ ਗੱਲਾਂ ਕਰਦੇ-੨, ਥੋੜ੍ਹੇ-ਥੋੜ੍ਹੇ ਹਨੇਰੇ ਵਿਚ ਸਿੰਘ ਉਸ ਬੋਹੜ ਵੱਲ ਤੁਰ ਪਏ। ਬੜਾ ਵੱਡਾ ਬੋਹੜ ਸੀ, ਜਿਸ ਦੇ ਬੜੇ ਹੀ ਨੀਵੇਂ ਟਾਹਣ ਸਨ। ਪੰਜ ਛੇ ਫੁਟ ਜ਼ਮੀਨ ਤੋਂ ਉੱਚੇ ਤੇ ਫੇਰ ਦਰਖਤ ਦੇ ਪੱਤਿਆਂ ਦੀ

ਜਾਏ ਥੱਲੇ ਐਉਂ ਸੀ, ਜਿਵੇਂ ਕਿਸੇ ਮਕਾਨ ਵਿਚ ਹੀ ਆਰਾਮ ਕਰੀਦਾ ਹੈ, ਇਸੇ ਤਰ੍ਹਾਂ ਦੀ ਗੱਲ ਸੀ। ਮਾੜਾ ਮੋਟਾ ਮੀਂਹ ਵੀ ਏਥੇ ਕੁਝ ਨਹੀਂ ਸੀ ਵਿਗਾੜ ਸਕਦਾ ਤੇ ਰਾਤ ਸੌਖੀ ਗੁਜ਼ਰ ਜਾਂਦੀ ਸੀ। ਆਮ ਸਿੰਘ ਜੰਗਲ ਵਿਚ ਇਹੋ ਜਿਹੇ ਪ੍ਰਬੰਧ ਕਰ ਕੇ ਹੀ ਸੌਂਦੇ ਸਨ।

ਉਸ ਬੋਹੜ ਥੱਲੇ ਪੁੱਜੇ ਤਾਂ ਕੀ ਵੇਖਦੇ ਹਨ ਕਿ ਉਸ ਉਤੇ ਕੋਈ ਮਨੁੱਖ ਲੰਮਾ ਪਿਆ ਹੋਇਆ ਹੈ, ਪਰ ਉਹ ਇਸ ਤਰੀਕੇ ਨਾਲ ਸੀ ਕਿ ਉਸ ਦੇ ਸਿਰ ਤੇ ਲੱਕ ਥੱਲੇ ਤਾਂ ਟਾਹਣ ਸੀ, ਪਰ ਗੋਡਿਆਂ ਤੋਂ ਅੱਗੇ ਲੱਤਾਂ ਤਾਂ ਪੈਰ ਥੱਲੇ ਨੂੰ ਲਮਕੇ ਹੋਏ ਸਨ।

'ਭਾਈ ਗਰਜਾ ਸਿੰਘ, ਇਹ ਕੌਣ ਹੈ?'

ਕੋਈ ਮਨੁੱਖ ਹੈ।'

ਪਰ ਸਾਡੇ ਵਾਂਗੂੰ ਜੰਗਲ ਵਿਚ ਕਿਉਂ?'

'ਕੋਈ ਸਿੰਘ ਤਾਂ ਨਹੀਂ?'

ਸ਼ਾਇਦ ਸਿੰਘ ਹੀ ਹੋਵੇ!'

ਅੱਗੇ ਵਧੇ ਤਾਂ ਸਾਫ ਹੀ ਨਜ਼ਰ ਆਇਆ ਕਿ ਕੋਈ ਸਿੰਘ ਹੀ ਹੈ। ਉਸ ਦੇ ਲੱਕ ਨਾਲ ਤਲਵਾਰ, ਕਟਾਰ ਤੇ ਮੋਢਿਆਂ ਥੱਲੇ ਡਾਂਗ ਸੀ ਜੋ ਬਰਛੇ ਵਾਲੀ ਸੀ। ਇਹ ਬੜਾ ਦਲੇਰ ਸਿੰਘ, ਇਕੱਲਾ ਹੀ ਸ਼ਸਤਰਾਂ ਦੇ ਸਹਾਰੇ ਦੂਰ-2 ਤਕ ਪੰਜਾਬ ਵਿਚ ਫਿਰ ਜਾਂਦਾ ਹੈ ਤੇ ਸ਼ਸਤਰਾਂ ਦੇ ਸਹਾਰੇ ਘੋੜਾ ਵੀ ਝੱਟ ਹੀ ਪੈਦਾ ਕਰ ਲੈਂਦਾ (ਖੋਹ ਲੈਂਦਾ) ਸੀ ਤੇ ਸਮੇਂ ਅਨੁਸਾਰ ਲੋੜ ਪੈਣ 'ਤੇ ਘੋੜਿਓਂ ਬਿਨਾਂ ਵੀ ਹੋ ਜਾਂਦਾ ਸੀ। ਇਹ ਲਾਹੌਰ ਵੱਲੋਂ ਆਇਆ ਸੀ ਤੇ ਸੜਕੋਂ ਲਾਂਭੇ ਨਿਸਚਿੰਤ ਹੋ ਕੇ ਇਉਂ ਸੁੱਤਾ ਪਿਆ ਸੀ ਜਿਵੇਂ ਘਰ ਵਿਚ ਸੌਂਈਦਾ ਹੈ।

ਸਿੰਘ ਨੂੰ ਵੇਖ ਕੇ ਸਿੰਘਾਂ ਨੂੰ ਚਾਅ ਚੜ੍ਹ ਗਏ, ਪਰ ਉਸ ਸਮੇਂ ਉਸ ਨੂੰ ਜਗਾਣਾ ਠੀਕ ਨਾ ਸਮਝਿਆ ਤੇ ਇਹ ਵੀ ਪਾਠ ਆਦਿ ਕਰ ਕੇ ਸੌਂ ਗਏ।

****

੭.

'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹ॥' ਉਸ ਇਕੱਲੇ ਸਿੰਘ ਨੇ ਸਵੇਰੇ ਅੰਮ੍ਰਿਤ ਵੇਲੇ ਹੀ ਜਾਗਦਿਆਂ ਸਾਰ ਫਤਹ ਗਜਾਈ। ਉਸ ਨੇ ਭਾਈ ਗਰਜਾ ਸਿੰਘ ਤੇ ਬੋਤਾ ਸਿੰਘ ਨੂੰ ਦੇਖਿਆ ਨਹੀਂ ਸੀ, ਆਪਣੇ ਨੇਮ ਅਨੁਸਾਰ ਹੀ ਸੁੱਤੇ ਉਠਦਿਆਂ ਆਪਣੇ ਸਤਿਗੁਰੂ ਜੀ ਦਾ ਧਿਆਨ ਕਰ ਕੇ ਫਤਹ ਬੁਲਾ ਦਿੱਤੀ ਤੇ ਫੇਰ ਪਾਠ ਕਰਨ ਲੱਗ ਪਿਆ। ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਵੀ ਜਾਗ ਪਏ। ਹਨੇਰਾ ਸੀ, ਦਰਖਤੋਂ ਥੱਲੇ ਅਜੇ ਇਹ ਪਾਠ ਕਰਨ ਵਾਲਾ ਸਿੰਘ ਵੀ ਨਹੀਂ ਉਤਰਿਆ ਸੀ ਤੇ ਨਾ ਹੀ ਇਹ ਦੋਵੇਂ ਆਪਣੇ ਟਿਕਾਣਿਓਂ ਹਿੱਲੇ। ਇਹ ਪਾਠ ਕਰਨ ਵਾਲਾ ਭਾਈ ਸ਼ੇਰ ਸਿੰਘ, ਬਹੁਤਾ ਹੀ ਨਿਰਭੈ ਸਿੰਘ ਸੀ। ਇਸ ਦੇ ਕੀ, ਸਭ ਸਿੰਘਾਂ ਦੇ ਮਨ ਵਿਚ ਨਿਸਚਾ ਸੀ ਕਿ ਐਸੇ ਉਜਾੜਾਂ ਬੀਆਬਾਨਾਂ ਵਿਚ ਕੇਵਲ ਪਰਮੇਸ਼ਰ ਤੇ ਸਤਿਗੁਰੂ ਤਾਂ ਜ਼ਰੂਰ ਰਮ ਰਿਹਾ ਹੈ, ਪਰ ਹੋਰ ਕਿਸੇ ਦੀ ਜਾਹ ਨਹੀਂ, ਕਿ ਐਸੀਆਂ ਥਾਵਾਂ 'ਤੇ ਰਾਤ ਵੇਲੇ ਹੋਵੇ। ਸੋ ਸਿੰਘ ਬਹੁਤੇ ਹੀ ਬੇਫ਼ਿਕਰ ਤੇ ਬੇਪ੍ਰਵਾਹ ਹੋ ਕੇ, ਉੱਚੀ ਉੱਚੀ ਪਾਠ ਕਰਿਆ ਕਰਦੇ ਸਨ। ਉਨ੍ਹਾਂ ਲਈ ਜੰਗਲਾਂ ਵਿਚ ਹੀ ਮੰਗਲ ਸੀ, ਉਹ ਚਿੰਤਾ, ਫ਼ਿਕਰ ਤੇ ਮੌਤ ਦੇ ਡਰ ਤੋਂ ਤਾਂ ਉੱਕਾ ਹੀ ਦੂਰ ਰਹਿੰਦੇ

ਸਨ। ਸੋ ਦਿਨ ਦੀ ਲੋਅ ਲੱਗਣ ਤਕ ਉਹ ਸਿੰਘ ਪਾਠ ਕਰਨ ਵਿਚ ਰੁੱਝਾ ਰਿਹਾ ਤੇ ਭਾਈ ਗਰਜਾ ਸਿੰਘ ਤੇ ਬੋਤਾ ਸਿੰਘ ਜੀ. ਸੁਣਨ ਵਿਚ ਮਸਤ ਰਹੇ. ਪਰ ਦਿਨ ਦੀ ਲੋਅ ਵਿਚ ਝੱਟ ਹੀ ਸਿੰਘ ਦੀ ਨਜ਼ਰ ਸਿੰਘਾਂ ਤੇ ਪਈ। ਫਿਰ ਕੀ ਸੀ. ਜੈਕਾਰੇ ਛੁੱਟੇ ਤੇ ਸਿੰਘਾਂ ਦੀਆਂ ਜੱਫੀਆਂ ਪੈ ਗਈਆਂ. ਜਿਵੇਂ ਕੋਈ ਜਨਮਾਂ ਦੇ ਵਿਛੜੇ ਮਿਲਦੇ ਹਨ।

ਵਾਹ. ਸਿੰਘ ਜੀ. ਧੰਨ ਜਨਮ ਹੈ ਤੁਹਾਡਾ! ਐਸਾ ਰਸਦਾਇਕ ਪਾਠ ਕਰਦੇ ਹੋ!'

ਮੈਂ ਨਹੀਂ ਕਰਦਾ. ਇਹ ਤਾਂ ਸਤਿਗੁਰੂ ਦੀ ਬਖਸ਼ਿਸ਼ ਹੈ। ਉਸ ਦੀ ਬਖਸ਼ਿਸ਼ ਤੋਂ ਬਿਨਾਂ ਨਾ ਕਿਸੇ ਨੂੰ ਇਸ ਉੱਤਮ ਬਾਣੀ ਦਾ ਰਸ ਆਵੇ. ਨਾ ਪੜ੍ਹ ਸਕੇ. ਸੋ ਸਿੰਘ ਜੀ ਇਹ ਤਾਂ ਸਤਿਗੁਰੂ ਜੀ ਦੀ ਬਖਸ਼ਿਸ਼ ਸਮਝੋ।'

ਹਾਂ ਸਿੰਘ ਜੀ. ਠੀਕ ਆਖਦੇ ਹੋ। ਜੇ ਸਤਿਗੁਰੂ ਜੀ ਦੀ ਮੇਹਰ ਤੇ ਬਖਸ਼ਿਸ਼ ਨਾ ਹੋਵੇ. ਤਾਂ ਇਨ੍ਹਾਂ ਹਾਲਤਾਂ ਵਿਚ ਵੀ ਅਨੰਦ ਪ੍ਰਸੰਨ ਰਹਿਣ ਦੀ ਹੋਰ ਕਿਸੇ ਵਿਚ ਸ਼ਕਤੀ ਹੈ? ਬਿਲਕੁਲ ਨਹੀਂ।'

ਇਸ ਤਰ੍ਹਾਂ ਸੁਖ-ਅਨੰਦ ਆਦਿ ਪੁੱਛਣ ਪਿੱਛੋਂ ਭਾਈ ਬੋਤਾ ਸਿੰਘ ਜੀ ਬੋਲੇ. ਭਾਈ ਸਾਹਿਬ ਠੀਕ ਹੈ. ਜੈਸਾ ਤੁਹਾਡਾ ਨਾਮ ਹੈ. ਵੈਸੇ ਹੀ ਸ਼ੇਰ ਹੋ। ਇਕੱਲੇ ਹੀ ਸ਼ੇਰਾਂ ਵਾਂਗ ਤੁਰੇ ਫਿਰਦੇ ਹੋ।'

'ਬਸ ਭਾਈ ਸਾਹਿਬ. ਰੁਕ ਜਾਓ. ਮੁੜ ਕੇ ਐਸਾ ਨਹੀਂ ਆਖਣਾ। ਸਿੰਘ ਤਾਂ ਇਕੱਲਾ ਕਦੇ ਹੁੰਦਾ ਹੀ ਨਹੀਂ। ਸਿੰਘ ਦੇ ਤਾਂ ਸਤਿਗੁਰੂ ਜੀ ਹਮੇਸ਼ਾਂ ਹੀ ਅੰਗ ਸੰਗ ਹਨ। ਅਸੀਂ ਤਾਂ ਸਤਿਗੁਰੂ ਜੀ ਦੇ ਸਹਾਰੇ ਨਾ ਦਿਨੇ ਥੱਕਦੇ ਹਾਂ. ਨਾ ਰਾਤ ਨੂੰ ਕੋਈ ਔਕੜ ਆਉਂਦੀ ਹੈ। ਸਤਿਗੁਰੂ ਦੀ ਬਖਸ਼ਿਸ਼. ਇਹ ਸ਼ਸਤਰ ਤਾਂ ਸਰੀਰ ਦੀ ਹਰ ਸਮੇਂ ਰਖਿਆ ਕਰਦੇ ਹਨ ਤੇ ਗੁਰਬਾਣੀ ਦੀ ਸ਼ਕਤੀ ਹਰ ਵੇਲੇ ਹੀ ਆਤਮਕ ਤੌਰ 'ਤੇ ਸਾਡੀ ਰਾਖੀ ਕਰਦੀ ਸਾਡੇ ਨਾਲ ਰਹਿੰਦੀ ਹੈ। ਇਸੇ ਗੱਲ ਨੇ ਹੀ ਤਾਂ ਸਾਨੂੰ ਨਿਡਰ ਤੇ ਨਿਰਭਉ ਬਣਾ ਰੱਖਿਆ ਹੈ। ਭਾਵੇਂ ੧੦-੨੦-੫੦-੧੦੦ ਤਕ ਵੀ

ਧਰਮ-ਦੋਖੀਆਂ ਦਾ ਮੁਕਾਬਲਾ ਹੋ ਜਾਏ, ਮੈਂ ਤਾਂ ਕਈਆਂ ਨੂੰ ਮਾਰ ਕੇ ਨਿਕਲਦਾ ਹੀ ਰਿਹਾ ਹਾਂ ਤੇ ਜਦ ਤਕ ਸ਼ਹੀਦੀ ਨਹੀਂ ਹੁੰਦੀ, ਸ਼ਹੀਦੀ ਦਾ ਸਮਾਂ ਨਹੀਂ ਆਉਂਦਾ, ਅਸਾਨੂੰ ਕੋਈ ਰੋਕ ਤੇ ਅਟਕਾ ਹੀ ਨਹੀਂ ਸਕਦਾ। ਇਹ ਅਸਾਡਾ ਨਿਸਚਾ ਹੈ, ਤੇ ਇਸੇ ਨਿਸਚੇ ਦੇ ਆਸਰੇ ਇਨ੍ਹਾਂ ਜੰਗਲਾਂ ਵਿਚ ਵਿਚਰ ਰਹੇ ਹਾਂ।'

'ਵਾਹ-ਵਾਹ! ਧੰਨ ਗੁਰੂ ਦੇ ਸਿੰਘ! ਪਰ ਅਸੀਂ ਸਿੰਘ ਹੋ ਕੇ ਵੀ ਗਿੱਦੜ ਹੀ ਸਾਂ, ਲੁਕ ਕੇ ਦਿਨ ਗੁਜ਼ਾਰਦੇ ਸਾਂ, ਪਰ ਰਾਹੇ ਤੁਰੇ ਜਾਂਦੇ ਰਾਹੀਆਂ ਦੀਆਂ ਗੱਲਾਂ ਕੱਲ੍ਹ ਦੀਆਂ ਸਾਨੂੰ ਖਾ ਗਈਆਂ ਤੇ ਜਗਾ ਗਈਆਂ ਹਨ।'

ਇਹ ਆਖ ਕੇ ਭਾਈ ਬੋਤਾ ਸਿੰਘ ਜੀ ਨੇ ਆਪਣੀ ਹੱਡ ਬੀਤੀ ਸੁਣਾ ਦਿੱਤੀ।

'ਫੇਰ ਹੁਣ ਕੀ ਕਰੋਗੇ?'

'ਹੁਣ ਸ਼ਹੀਦੀਆਂ ਪ੍ਰਾਪਤ ਕਰਨ ਦੇ ਯਤਨ ਕਰਨੇ ਹਨ।'

'ਕੋਈ ਨਹੀਂ, ਫੇਰ ਕਾਹਦੇ ਭੁੱਲੇ, ਭੁੱਲ ਕੇ ਰਸਤੇ ਪੈ ਗਏ। ਪਰ ਇਹ ਖਿਆਲ ਨਾ ਕਰੋ, ਇਹ ਪਛਤਾਵਾਂ ਨਾ ਕਰੋ, ਪਛਤਾਵੇ ਵਾਲੀ ਗੱਲ ਤੁਸਾਂ ਹੁਣ ਛੱਡ ਦਿੱਤੀ ਹੈ। ਹੱਛਾ, ਸਤਿਗੁਰੂ ਭਲੀ ਕਰੇਗਾ, ਸਿੰਘਾਂ ਨੂੰ ਖਤਮ ਕਰਨ ਵਾਲੇ ਇਹ ਜ਼ਾਲਮ ਰਹਿਣੇ ਨਹੀਂ, ਇਹਨਾਂ ਤੇ ਰੱਬ ਦੀ ਬਿਜਲੀ ਪੈਣ ਵਾਲੀ ਹੈ!'

'ਹਾਂ, ਕੋਈ ਖਬਰ ਹੋਵੇ ਤਾਂ ਸਿੰਘ ਜੀ ਸਾਨੂੰ ਵੀ ਦੱਸੋ।'

'ਖਬਰ ਕੀ ਦੱਸਣੀ ਹੈ, ਖਬਰਾਂ ਦੱਸਣ ਵਾਲੀਆਂ ਨਹੀਂ। ਏਸ ਖਾਂ ਨੇ ਅੱਤ ਚੁੱਕ ਲਈ ਹੈ। ਸਿੰਘਾਂ ਨੂੰ ਇਸ ਨੇ ਬਹੁਤ ਹੀ ਦੁਖਾਇਆ ਹੈ। ਪਰ ਮੈਂ ਲਾਹੌਰ ਸ਼ਹਿਰ ਵਿਚ ਭੇਸ ਬਦਲ ਕੇ ਗਿਆ ਸਾਂ। ਲੋਕ ਇਸ ਦੇ ਖਿਲਾਫ ਹਨ, ਤੇ ਕਈ ਮੁਸਲਮਾਨ ਵੀ ਇਸ ਨੂੰ ਬਹੁਤ ਭੈੜਾ ਖਿਆਲ ਕਰ ਰਹੇ ਹਨ। ਦੇਸ਼ ਦੀ ਭੈੜੀ ਹਾਲਤ ਵੇਖ ਕੇ, ਕਾਬਲ ਦਾ ਬਾਦਸ਼ਾਹ

ਹਿੰਦੁਸਤਾਨ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਸੂਬਾ ਖਾਂ ਬਹਾਦਰ ਵੀ ਇਸ ਗੱਲੋਂ ਔਖਾ ਹੈ। ਦਿੱਲੀ ਦੀ ਬਾਦਸ਼ਾਹੀ ਕਮਜ਼ੋਰ ਹੈ, ਉਸ ਵੱਲੋਂ ਕਿਸੇ ਮਦਦ ਦੀ ਇਸ ਨੂੰ ਆਸ ਨਹੀਂ। ਦੂਜੇ ਪਾਸੇ ਇਹ ਸਾਡੇ ਪਾਵਨ ਹਰਿਮੰਦਰ ਦੇ ਬੂਹੇ ਖੋਹਲ ਕੇ ਉਥੇ ਮੱਸਾ ਰੰਗੜ ਨੂੰ ਬਿਠਾਉਣਾ ਚਾਹੁੰਦਾ ਹੈ ਤੇ ਉਹ ਇਤਨਾ ਪਾਪੀ ਹੈ ਕਿ ਉਸ ਦੀਆਂ ਗੱਲਾਂ ਕੀ ਦੱਸਾਂ? ਕੱਲੇ ਦੁਕੱਲੇ ਦੀ ਵਾਹ ਕੋਈ ਨਹੀਂ। ਸਿੰਘ ਜਥੇ ਦੂਰ ਦੂਰ ਖਿੰਡੇ ਪੁੰਡੇ ਹੋਏ ਹਨ। ਮੈਂ ਤਾਂ ਉਹਨਾਂ ਨੂੰ ਖਬਰਾਂ ਪਹੁੰਚਾਉਣ ਜਾ ਰਿਹਾ ਹਾਂ।

'ਮੱਸਾ ਰੰਘੜ ਕੀ ਕਰ ਰਿਹਾ ਹੈ?'

'ਖਾਂ ਨੇ ਇਹ ਸਾਰਾ ਇਲਾਕਾ ਉਸ ਦੇ ਸਪੁਰਦ ਕਰ ਦਿੱਤਾ ਹੈ, ਉਹ ਜੋ ਮਰਜ਼ੀ ਹੈ ਕਰੇ। ਉਹ ਅਜੇ ਪਹੁੰਚਾ ਨਹੀਂ, ਪਰ ਉਹ ਬੜਾ ਮਾੜਾ ਬੰਦਾ ਹੈ। ਮੈਂ ਉਸੇ ਦੇ ਪਿੰਡ ਦਾ ਹਾਂ, ਉਹ ਅਜੇ ਗੱਲਾਂ ਹੀ ਕਰਦਾ ਹੈ। ਸੂਬੇ ਕੋਲੋਂ ਉਸ ਨੇ ਹਰਿਮੰਦਰ ਦੀਆਂ ਚਾਬੀਆਂ ਮੰਗੀਆਂ ਹਨ, ਪਰ ਨਾਦਰ ਦੀ ਖਬਰ ਕਰਕੇ ਅਜੇ ਖਾਂ ਬਹਾਦਰ ਵੀ ਕੁਝ ਝਕਦਾ ਹੈ। ਅੱਗੇ ਵੇਖੋ ਪ੍ਰਭੂ ਨੂੰ ਕੀ ਮਨਜ਼ੂਰ ਹੈ, ਅਕਾਲ ਪੁਰਖ ਨੂੰ ਕੀ ਭਾਉਂਦਾ ਹੈ!'

'ਫਿਰ ਤੁਸਾਂ ਕਿਧਰ ਨੂੰ ਜਾਣਾ ਹੈ?'

'ਮੇਰਾ ਤੁਸੀਂ ਫਿਕਰ ਨਾ ਕਰੋ, ਮੈਂ ਚਲਾ ਹੀ ਜਾਵਾਂਗਾ।'

'ਤੇ ਅਸੀਂ?'

'ਤੁਸੀਂ ਜੋ ਪ੍ਰੋਗਰਾਮ ਬਣਾਇਆ ਹੈ ਉਸ 'ਤੇ ਅਮਲ ਕਰੋ, ਨਾ ਡਰੋ, ਨਾ ਘਬਰਾਓ।'

'ਸਤਿ ਬਚਨ! ਗੁਰੂ ਕੇ ਸਿੰਘ ਦਾ ਦਰਸ਼ਨ ਹੋ ਗਿਆ ਹੈ, ਚੜ੍ਹਦੀਆਂ ਕਲਾਂ ਦੇ ਸੰਦੇਸ਼ ਮਿਲ ਗਏ ਹਨ, ਹੋਰ ਸਾਨੂੰ ਕੀ ਚਾਹੀਦਾ ਹੈ! ਬਾਕੀ ਕੰਮ ਤਾਂ ਗੁਰੂ ਨੇ ਹੀ ਕਰਨੇ ਹਨ, ਸਾਨੂੰ ਕੀ ਫਿਕਰ ਹੈ?'

ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਨੇ ਵੇਖਿਆ ਕਿ ਉਹ ਸਿੰਘ

ਸੜਕ 'ਤੇ ਆ ਗਿਆ। ਉਹਨਾਂ ਦੂਰੋਂ ਹੀ ਵੇਖਿਆ ਕਿ ਸਿੰਘ ਜੀ ਨੇ ਝਬਾਲ ਵੱਲੋਂ ਘੋੜੇ ਲੱਦੀ ਆ ਰਹੇ ਘੁਮਿਆਰਾਂ ਨੂੰ ਕਿਹਾ-

'ਬਈ ਕੁਝ ਖਾਣ ਨੂੰ ਜੇ ਕੋਲ ਹੈ ਤਾਂ ਦੇ ਦਿਓ, ਸਿੰਘ ਤਿੰਨ ਦਿਨਾਂ ਦਾ ਭੁੱਖਾ ਹੈ।

ਅੱਧੇ ਘੁਮਿਆਰ ਹਿੰਦੂ ਸਨ ਤੇ ਅੱਧੇ ਮੁਸਲਮਾਨ। ਉਹ ਭਾਵੇਂ ਗਿਣਤੀ ਦੇ ਛੇ ਸਨ ਪਰ ਸਿੰਘ ਦੇ ਹੱਥ ਵਿਚ ਬਰਛਾ ਗਾਤਰੇ ਕਟਾਰ ਤੇ ਤਲਵਾਰ ਦੇਖ ਕੇ ਡਾਢੇ ਡਰੇ। ਉਹ ਝਬਾਲੋਂ ਤੁਰੇ ਤੇ ਉਹਨਾਂ ਪੱਟੀ ਪੁੱਜਣਾ ਸੀ, ਸਾਰਾ ਦਿਨ ਲੱਗ ਜਾਣਾ ਸੀ, ਇਸ ਲਈ ਘਰੋਂ ਰੋਟੀਆਂ ਲੈ ਕੇ ਤੁਰੇ ਸਨ। ਉਹ ਲੋੜ ਤੋਂ ੫-੭ ਰੋਟੀਆਂ ਵੱਧ ਹੀ ਲੈ ਕੇ ਤੁਰੇ, ਇਸ ਲਈ ਅੱਠ ਰੋਟੀਆਂ (ਪ੍ਰਾਉਠੇ) ਘਿਉ ਨਾਲ ਗੁੰਧੇ ਲੂਣ ਵਾਲੇ ਤੇ ਅਚਾਰ ਨਾਲ, ਸਿੰਘ ਜੀ ਨੂੰ ਦੇ ਦਿੱਤੇ। ਸਿੰਘ ਜੀ ਖੜ੍ਹੇ ਖੜ੍ਹੋਤੇ ਹੀ ਤਿੰਨ ਚਾਰ ਖਾ ਗਏ ਸਨ ਕਿ ਪਿੱਛੋਂ ਇਕ ਮੁਗਲ ਘੋੜ-ਸਵਾਰ ਆ ਰਿਹਾ ਸੀ। ਸਿੰਘ ਜੀ ਨੇ ਰੋਟੀਆਂ ਨੂੰ ਬੋਝੇ ਵਿਚ ਪਾ ਲਿਆ, ਤੇ ਉਸ ਵੱਲ ਪਿੱਛੇ ਨੂੰ ਤੁਰ ਪਏ। ਪੰਜ ਦਸ ਕਦਮਾਂ 'ਤੇ ਉਸ ਘੋੜ ਸਵਾਰ ਨੇ ਵੇਖਿਆ ਕਿ ਸਾਹਮਣੇ ਸਿੰਘ ਖੜ੍ਹਾ ਹੈ। ਉਸ ਨੇ ਤਲਵਾਰ ਕੱਢ ਲਈ ਤੇ ਕਿਹਾ-

'ਓ ਸਿੰਘਾ! ਤੈਨੂੰ ਮੌਤ ਕਿੱਥੋਂ ਲੈ ਆਈ ਹੈ?'

'ਮੈਨੂੰ ਕਿ ਤੈਨੂੰ?'

ਸਿੰਘ ਜੀ ਤਾਂ ਅੱਗੇ ਹੀ ਇਸੇ ਘਾਤ ਵਿਚ ਸਨ ਕਿ ਘੋੜਾ ਖੋਹਣਾ ਹੈ। ਕੁਝ ਦੂਰੀ 'ਤੇ ਉਸ ਦੇ ਹੋਰ ਸਾਥੀ ਵੀ ਆ ਰਹੇ ਸਨ, ਪਰ ਅਜੇ ਉਹ ਚੰਗੀ ਦੂਰ ਸਨ। ਸਿੰਘ ਜੀ ਨੇ ਘੋੜ-ਸਵਾਰ ਦੀ ਤਲਵਾਰ ਨੂੰ ਫੁਰਤੀ ਨਾਲ ਨੀਵੇਂ ਹੋ ਕੇ ਉੱਤੋਂ ਦੀ ਲੰਘਾ ਦਿੱਤਾ ਤੇ ਫਿਰ ਬਰਛੇ ਨੂੰ ਮੁਗਲ ਦੀ ਵੱਖੀ ਵਿਚ ਥੱਲਿਓਂ ਹੀ ਖੁਭੋ ਦਿੱਤਾ। ਫਿਰ ਕੀ ਸੀ? ਘੋੜ-ਸਵਾਰ ਮੁਨਾਰੇ ਵਾਂਗ ਘੋੜਿਓਂ ਥੱਲੇ ਡਿੱਗਾ ਤੇ ਫੁਰਤੀਲੇ ਸਿੰਘ ਨੇ ਡਿੱਗਦੇ ਕੋਲੋਂ ਵਾਗਾਂ, ਖੋਹ ਲਈਆਂ ਤੇ ਉਸ ਦੀ ਥਾਂ ਘੋੜੇ ਦੀ ਪਿੱਠ 'ਤੇ ਜਾ

ਬੈਠਾ। ਘੋੜ-ਸਵਾਰ ਵੀ ਸਿੰਘ ਜੀ ਮਾਅਰਕੇ ਦੇ ਸਨ, ਵੇਖਦੇ ਹੀ ਵੇਖਦੇ ਔਹ ਗਿਆ ਔਹ ਗਿਆ ਵਾਲੀ ਗੱਲ ਹੋ ਗਈ। ਸਿੰਘ ਦੀ ਫੁਰਤੀ ਨੂੰ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਨੇ ਵੀ ਵੇਖਿਆ ਤੇ ਕਿਹਾ 'ਸੱਚਮੁਚ ਹੀ ਇਹ ਸਿੰਘ ਇਕੱਲਾ ਨਹੀਂ, ਗੁਰੂ ਜ਼ਰੂਰ ਹੀ ਇਸ ਦਾ ਸੰਗੀ ਸਾਥੀ ਹੈ. ਨਹੀਂ ਤੇ ਇਸ ਤਰ੍ਹਾਂ ਕੋਈ ਕਰ ਸਕਦਾ ਹੈ?'

ਉਹਨਾਂ ਨੇ ਸਿੰਘ ਜੀ ਦੇ ਮੂੰਹੋਂ ਇਹ ਸ਼ਬਦ ਸਵੇਰੇ ਵੇਲੇ ਕਈ ਵੇਰ ਨਿਕਲਦਾ ਸੁਣਿਆ ਸੀ. ਤੇ ਗੱਲਾਂਬਾਤਾਂ ਕਰਨ ਸਮੇਂ ਵੀ ਉਹਨਾਂ ਸੁਣਾਇਆ ਸੀ। ਉਹਨਾਂ ਨੇ ਵੀ ਉਹ ਸ਼ਬਦ ਚੇਤੇ ਕਰ ਲਿਆ ਤੇ ਉਹ ਵੀ ਪੜ੍ਹਨ ਲੱਗ ਗਏ-

ਹਰਿ ਕਾ ਨਾਮੁ ਰਿਦੈ ਨਿਤ ਧਿਆਈ॥
ਸੰਗੀ ਸਾਥੀ ਸਗਲ ਤਰਾਂਈ॥ ੧॥
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥ ੧॥ ਰਹਾਉ॥
ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ੨॥ ੪੨॥ ੯੩॥

(ਆਸਾ ਘਰੁ ੭ ਮਹਲਾ ੫)

ਪਿਛਲੇ ਘੋੜ-ਸਵਾਰਾਂ ਨੇ ਆਪਣੇ ਸਾਥੀ ਨੂੰ ਸੜਕ ਤੋਂ ਚੁੱਕਿਆ ਤੇ ਇਕ ਘੋੜੇ 'ਤੇ ਬਿਠਾ ਕੇ ਲਾਸ਼ ਨੂੰ ਝਬਾਲ ਥਾਣੇ ਵਿਚ ਭੇਜ ਦਿੱਤਾ, ਸਿੰਘਾਂ ਵਿਰੁੱਧ ਖਾਂ ਬਹਾਦਰ ਦੇ ਹੁਕਮ ਉਸੇ ਤਰ੍ਹਾਂ ਹੀ ਕਰੜੇ ਸਨ. ਪਰ ਜਦ ਦੀ ਨਾਦਰ ਦੇ ਚੜ੍ਹ ਆਉਣ ਦੀ ਖਬਰ ਪੁੱਜੀ ਸੀ. ਖਾਂ ਬਹਾਦਰ ਸੁੰਗੜ ਕੇ ਰਹਿ ਗਿਆ ਸੀ। ਉਸ ਨੇ ਸਿੰਘਾਂ ਪਿੱਛੇ ਲੱਗੀ ਫ਼ੌਜ ਨੂੰ, ਲਾਹੌਰ ਇਕੱਠੀ ਹੋ ਜਾਣ ਦੇ ਹੁਕਮ ਕਰ ਭੇਜੇ ਸਨ। ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਨੂੰ ਅਜੇ ਉਸ ਨੇ ਮੱਸੇ ਰੰਘੜ ਦੇ ਹਵਾਲੇ ਨਹੀਂ

ਕੀਤਾ ਸੀ, ਪਰ ਇਸ ਇਲਾਕੇ ਵਿਚਲੀ ਫ਼ੌਜ ਦੀ ਕਮਾਨ ਮੱਸੇ ਰੰਘੜ ਦੇ ਹੱਥ ਵਿਚ ਹੀ ਸੀ. ਇਸ ਇਲਾਕੇ ਦੀ ਫ਼ੌਜ ਨੂੰ ਇਸੇ ਇਲਾਕੇ ਵਿਚ ਰਹਿਣ ਤੇ ਚੁਕੰਨੇ ਰਹਿਣ ਦਾ ਹੁਕਮ ਕਰ ਦਿੱਤਾ ਸੀ। ਪਰ ਖਾਂ ਬਹਾਦਰ ਦੇ ਇਸ ਹੁਕਮ ਨੇ ਫ਼ੌਜ ਵਿਚ ਸ਼ਾਂਤੀ ਵਰਤਾ ਦਿੱਤੀ ਸੀ। ਭਾਵੇਂ ਉਹ ਸਿੰਘਾਂ ਨੂੰ ਪੰਜਾਬ ਵਿਚੋਂ ਦੂਰ ਭੇਜਣ ਵਿਚ ਕਾਮਯਾਬ ਹੋ ਹੀ ਗਏ ਸਨ, ਪਰ ਕਈ ਸਿੰਘ ਫਿਰ ਵੀ ਐਸੇ ਸਨ ਜੋ ਜੰਗਲਾਂ ਵਿਚ ਦੇ ਲਾਗੇ ਤੇ ਬਾਹਰ ਵੀ ਫ਼ੌਜ ਨੂੰ ਹਊਆ ਬਣਾ ਕੇ ਦਿਖਾਲੀ ਦੇ ਜਾਂਦੇ ਸਨ ਤੇ ਉਹ ਸਿੰਘਾਂ ਨਾਲ ਦਿਲੋਂ ਨਹੀਂ ਸਗੋਂ ਬੱਧੇ-ਰੁੱਧੇ ਹੀ ਲੜਦੇ ਸਨ, ਪਰ ਹੁਣ ਨਾਦਰ ਦੇ ਹਮਲੇ ਦੀ ਖਬਰ ਨੇ ਸਭ ਦੀ ਸੁਰਤ ਸਿੰਘਾਂ ਵੱਲੋਂ ਹਟਾ ਕੇ ਕਾਬਲ ਵਾਲੇ ਪਾਸੇ ਲਾ ਦਿੱਤੀ ਸੀ।

****

੮.

'ਭਾਈ ਬੋਤਾ ਸਿੰਘ ਜੀ, ਹੁਣ ਜੋ ਹੋਵੇ ਸੋ ਹੋਵੇ!'

'ਠੀਕ ਹੈ, ਕਿਸੇ ਨੂੰ ਮਸੂਲ ਲਈ ਬਿਨਾਂ ਲੰਘਣ ਨਹੀਂ ਦੇਣਾ!'

'ਬਸ ਠੀਕ ਹੈ।'

'ਹਥਿਆਰ ਸਾਨੂੰ ਸਲੋਤਰ ਹੀ ਬੜੇ ਹਨ।'

'ਹਥਿਆਰ ਵੀ ਪੈਦਾ ਕਰ ਲਵਾਂਗੇ, ਪਹਿਲਾਂ ਇਸ ਬੰਨੇ ਤੁਰੀਏ ਤਾਂ ਸਹੀ!'

ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਤਿਆਰ ਬਰ ਤਿਆਰ ਹੋ ਗਏ। ਪਹਿਲੇ ਦਿਨ ਹੀ ਉਹਨਾਂ ਨੇ ੧੦ ਖੋਤਿਆਂ ਕੋਲੋਂ ਟਕਾ ਟਕਾ ੪ ਗੱਡਿਆਂ ਕੋਲੋਂ ਆਨਾ ਆਨਾ ਮਾਮਲਾ ਪ੍ਰਾਪਤ ਕੀਤਾ। ਸਿੰਘਾਂ ਦੇ ਮੋਟੇ ਮੋਟੇ ਡੰਡੇ ਮੋਢਿਆਂ 'ਤੇ ਚੁੱਕੇ ਵੇਖ ਕੇ ਰੋਹ ਭਰੇ ਸ਼ਬਦ ਸੁਣ ਕੇ, ਵਿਚਾਰੇ ਖੋਤਿਆਂ ਤੇ ਗੱਡਿਆਂ ਵਾਲੇ ਠਨੰਬਰ ਜਾਂਦੇ। ਪੈਸੇ ਇਕੱਠੇ ਕਰ ਕੇ ਸਿੰਘ ਆਟਾ, ਦਾਲ ਤੇ ਘਿਉ ਖਰੀਦ ਲਿਆਏ। ਸੜਕ ਦੇ ਨੇੜੇ ਇਕ ਝੜ੍ਹਾ ਬਣਾ ਕੇ ਚੰਗੀ ਪੱਕੀ ਝੌਂਪੜੀ ਬਣਾ ਲਈ ਤੇ ਉਸੇ ਵਿਚ ਰਾਤ ਨੂੰ ਰਹਿਣ ਲੱਗੇ। ਹਨੇਰੇ ਸਮੇਂ ਵੀ ਬਥੇਰੇ ਖੋਤੇ ਤੇ ਗੱਡੇ ਕਈ ਵਾਰ ਘੋੜਿਆਂ ਦੇ ਲੱਗੇ ਸਾਮਾਨ ਨੂੰ ਵੀ ਫੜ ਖਲੋਂਦੇ ਤੇ ਟਕਾ

ਟਕਾ ਲੈ ਕੇ ਲੰਘਣ ਦੇਂਦੇ।

'ਤੁਸੀਂ ਕੌਣ ਹੋ? ਕਿਸ ਦੀ ਤਰਫੋਂ ਮਸੂਲ ਲੈਂਦੇ ਹੋ?'

ਅਸੀਂ ਰੱਬ ਦੇ ਬੰਦੇ ਹਾਂ, ਸਰਕਾਰੀ ਮਾਮਲਾ ਲੈਂਦੇ ਹਾਂ।

ਮੈਂ ਪੁੱਛਦਾ ਹਾਂ, ਕਿਸੇ ਸੂਬੇ ਵੱਲੋਂ ਹੋ ਜਾਂ ਇਲਾਕੇ **ਵੱਲੋਂ** ਹੋ?'

ਅਸੀਂ ਦੇਸ਼ ਦੇ ਮਾਲਕ ਹਾਂ, ਭਾਵੇਂ ਕਿਸੇ ਵੱਲੋਂ ਹੋਏ ਤੁਹਾਨੂੰ ਇਸ ਨਾਲ ਕੀ?' ਇਹ ਆਖ ਕੇ ਦੋਵੇਂ ਸਿੰਘ ਸਲੋਤਰੇ (ਡੰਡੇ) ਚੁੱਕ ਲੈਂਦੇ ਤੇ ਮਸੂਲ ਲੈ ਕੇ ਛੱਡਦੇ।

ਇਧਰ ਪੰਜਾਬ ਵਿਚ ਨਾਦਰ ਸ਼ਾਹ ਦੇ ਹਮਲਾ ਕਰਨ ਦੀ ਗੱਲ ਘਰ ਚੱਲ ਪਈ ਸੀ, ਸੋ ਸਿੰਘਾਂ ਨੂੰ ਵੀ ਕੁਝ ਸੁਖ ਦਾ ਸਾਹ ਆਇਆ। ਦੂਰ ਗਏ ਸਿੰਘ ਪੰਜਾਬ ਦੇ ਜੰਗਲਾਂ ਵਿਚ ਮੁੜ ਨੇੜੇ ਨੇੜੇ ਆ ਗਏ। ਭਲਾ ਜੰਗਲਾਂ ਵੱਲ ਤਾਂ ਹੁਣ ਮੂੰਹ ਹੀ ਕੋਈ ਨਹੀਂ ਸੀ ਕਰਦਾ ਤੇ ਸਿੰਘ ਸੌਖੇ ਹੋ ਗਏ ਸਨ, ਪਰ ਜੰਗਲਾਂ ਤੋਂ ਬਾਹਰ ਭਾਈ ਬੋਤਾ ਸਿੰਘ ਅਤੇ ਗਰਜਾ ਸਿੰਘ ਵਰਗੇ ਸ਼ੇਰ ਸ਼ਾਹੀ ਸੜਕ 'ਤੇ ਮਾਮਲਾ ਉਗਰਾਂਹਦੇ ਸਨ, ਕਈ ਵਾਰ ਉਹਨਾਂ ਸਰਕਾਰੀ ਮਾਲ ਦਾ ਵੀ ਮਾਮਲਾ ਲੈ ਕੇ ਅੱਗੇ ਲੰਘਣ ਦਿੱਤਾ। ਨਾ ਕੋਈ ਰਸੀਦ, ਨਾ ਰੁੱਕਾ, ਬਸ ਸਲੋਤਰ (ਡੰਡੇ) ਦਾ ਹੀ ਰਾਜ ਸੀ। ਜੇ ਖੇਤਿਆਂ ਵਾਲੇ ਕਿਤੇ ੫-੧੦ ਵੀ ਹੁੰਦੇ, ਤੇ ਆਕੜ ਫਾਕੜ ਕਰਦੇ, ਤਾਂ ਸਿੰਘ ਕਈਆਂ ਦੇ ਸੱਟ ਪੇਟ ਲਾਉਂਦੇ ਤੇ ਦੂਜਿਆਂ ਨੂੰ ਮਾਰ ਭਜਾਉਂਦੇ, ਖੇਤਿਆਂ ਨੂੰ ਮਾਲ ਸਮੇਤ ਉਸ ਗਾਹੜੇ ਜੰਗਲ ਵੱਲ ਧੱਕ ਦੇਂਦੇ, ਜਿਧਰ ਕੰਡਿਆਲੇ ਬੂਟੇ ਹੁੰਦੇ, ਵਾੜਾਂ ਹੁੰਦੀਆਂ, ਤੇ ਥੋੜ੍ਹੀ ਦੂਰ ਜਾਂਦੇ ਤਕ ਕੱਪੜੇ ਲੀਰੋ ਲੀਰ ਹੋ ਜਾਂਦੇ ਸਨ। ਇਹ ਵੇਖ ਕੇ ਵਿਚਾਰੇ ਖੇਤਿਆਂ ਵਾਲੇ ਆਪ ਹੀ ਤਰਲੇ ਕਰਕੇ ਨਾਲੇ ਪੈਸੇ ਦੇਂਦੇ ਨਾਲੇ ਖਹਿੜਾ ਛੁਡਾਉਂਦੇ ਤੇ ਖੈਰ ਮਨਾਉਂਦੇ। ਭਾਵੇਂ ਉਹ ਖੇਤਿਆਂ ਵਾਲੇ ਕਈ ਥਾਈਂ ਆਖਦੇ ਕਿ ਇਹ ਮਾਮਲਾ ਲੈਣ ਵਾਲੇ ਕੌਣ ਹਨ, ਬੜੇ ਖਰੂਵੇ ਹਨ, ਇਹ ਤਾਂ ਪੈਸੇ ਲਏ ਬਿਨਾਂ ਛੱਡਦੇ ਨਹੀਂ! ਹੋਰ ਮਾਮਲਾ ਉਗਰਾਹੁਣ 'ਤੇ ਲੱਗੇ

ਹੋਏ ਤਾਂ ਅਜਿਹਾ ਨਹੀਂ ਕਰਦੇ, ਪਰ ਇਹ ਤਾਂ ਸਿੰਘਾਂ ਵਾਂਗ ਨਿਰੇ ਲੜਾਕੇ ਹਨ ਕੋਈ!

ਕਿਸੇ ਨੇ ਆਖਣਾ- 'ਸਿੰਘ ਹੀ ਹੋਣੇ ਹਨ।' ਪਰ ਦੂਜੇ ਨੇ ਕੋਲੋਂ ਕਹਿਣਾ-ਸ਼ਾਹੀ ਸੜਕ 'ਤੇ ਸਿੰਘ ਇਸ ਤਰ੍ਹਾਂ ਮਾਮਲਾ ਉਗਰਾਹ ਸਕਦੇ ਹਨ? ਦੂਜੇ ਦਿਨ ਹੀ ਫ਼ੌਜ ਚੜ੍ਹ ਕੇ ਨਾ ਆ ਜਾਏ। ਸੱਚਮੁਚ ਦੇ ਸਿੰਘਾਂ ਨੂੰ ਵੀ ਉਹ ਸਿੰਘ ਨਾ ਸਮਝਦੇ। ਉਹ ਆਖਦੇ-'ਓਏ ਸ਼ਾਹੀ ਸੜਕ ਉੱਤੇ ਸਿੰਘ ਮਾਮਲਾ ਉਗਰਾਹੁਣ ਲੱਗ ਜਾਣ, ਏਨੀ ਦਲੇਰੀ ਕਰਨ ਵਾਲੇ ਸਿੰਘ ਕਿੱਥੋਂ ਆ ਗਏ?' ਇਉਂ ਖੇਤਿਆਂ ਵਾਲਿਆਂ ਤੇ ਗੱਡੇ ਵਾਲਿਆਂ ਦੀ ਗੱਲ ਨੂੰ ਲੋਕ ਮੰਨਦੇ ਹੀ ਨਾ, ਤੇ ਗੱਪਾਂ ਸਮਝ ਕੇ ਉਹਨਾਂ ਨੂੰ ਡਰਾਕਲ, ਭਜਾਕਲ ਤੇ ਕਾਇਰ-ਪੁਣੇ ਦੇ ਮੇਹਣੇ ਮਾਰਦੇ। ਇਉਂ ਸਿੰਘਾਂ ਬਾਰੇ ਕਿਸੇ ਨੂੰ ਵੀ, ਨਾ ਸਰਕਾਰੀ ਬੰਦਿਆਂ ਨੂੰ ਤੇ ਨਾ ਹੀ ਆਮ ਬੰਦਿਆਂ ਨੂੰ ਇਤਬਾਰ ਆਉਂਦਾ ਸੀ।

ਭਾਵੇਂ ਸੂਬਾ ਖਾਂ ਬਹਾਦਰ ਕਈ ਮਹੀਨੇ ਤਿਆਰੀਆਂ ਕਰਦਾ ਰਿਹਾ, ਪਰ ਸੰਮਤ ੧੭੯੭ ਦੇ ਚੜ੍ਹਦੇ ਹੀ ਨਾਦਰ ਸ਼ਾਹ ਆਪਣੀ ਸਵਾ ਲੱਖ ਸੈਨਾ ਸਮੇਤ ਚੜ੍ਹ ਆਇਆ, ਤਾਂ ਉਹਨਾਂ ਆਦਮਖਾਣੇ ਦੁਰਾਨੀਆਂ ਤੇ ਕਬਾਇਲੀਆਂ ਅੱਗੇ ਕਿਸ ਅੜਨਾ ਸੀ? ਉਹ ਪਿੰਡਾਂ ਦੇ ਪਿੰਡ ਫੂਕਦਾ, ਲੁੱਟਮਾਰ ਕਰਦਾ ਅਟਕ, ਜੇਹਲਮ, ਝਨਾਂ ਪਾਰ ਕਰ ਕੇ ਰਾਵੀ ਦੇ ਨੇੜੇ ਆਣ ਪੁੱਜਾ। ਸੂਬੇ ਖਾਂ ਬਹਾਦਰ ਨੂੰ ਇਹ ਖਬਰਾਂ ਸੁਣ ਕੇ ਹੀ ਕੰਬਣੀ ਛਿੜ ਪਈ ਸੀ, ਤੇ ਮੁਕਾਬਲਾ ਕੌਣ ਕਰ ਸਕਦਾ ਸੀ? ਸਬੂਤਾ ਸਬੂਤਾ ਢੱਬਾ ਖਾ ਜਾਣ ਵਾਲੇ ਦੁਰਾਨੀ ਤੇ ਅਬਦਾਲੀ ਜਰਨੈਲਾਂ ਦੇ ਫ਼ੌਜੀ ਵੀ ਅੱਗੋਂ ਘੱਟ ਨਹੀਂ ਸਨ। ੬-੬ ਫੁਟ ਲੰਬੇ ਕੱਦ ਵਾਲੇ ਤੇ ਏਦੂੰ ਵੀ ਵੱਧ ਕੱਦਾਂ ਵਾਲੇ ਦੁਰਾਨੀਆਂ ਦੀਆਂ ਬਲਦੀਆਂ ਲਾਟਾਂ ਵਾਂਗ ਅੱਖਾਂ ਨੂੰ ਹੀ ਵੇਖ ਕੇ ਡਰ-ਡਰ ਜਾਂਦੇ ਸਨ, ਤੇ ਉਹਨਾਂ ਦੇ ਸਾਹਵੇਂ ਖਲੋਂਦਾ ਕੌਣ? ਰਸਤੇ ਦੇ ਪਿੰਡਾਂ ਦੇ ਪਿੰਡ ਖਾਲੀ ਹੋ ਗਏ। ਲੋਕੀਂ ਘਰ ਬਾਰ ਛੱਡ ਕੇ

ਨੱਸ ਗਏ ਸਨ।

ਲਾਹੌਰ ਸ਼ਹਿਰ ਅਮਨ ਅਮਾਨ ਘੁੱਗ ਵੱਸਦਾ ਸ਼ਹਿਰ ਸੀ। ਬਾਬਰ ਨੇ ਇਸ 'ਤੇ ਕਹਿਰ ਢਾਹਿਆ ਸੀ, ਘਰ ਬਾਰ ਉਜਾੜੇ ਤੇ ਅੱਗਾਂ ਲਾਈਆਂ ਸਨ। ਇਹੋ ਹਾਲ ਉਹ ਏਮਾਨਬਾਦ ਦਾ ਕਰ ਕੇ ਆਇਆ ਸੀ, ਜਿਥੋਂ ਦੇ ਹੰਕਾਰੀ ਪਠਾਣਾਂ ਨੇ ਮਰਦਾਨੇ ਨੂੰ ਮਾਰਿਆ ਸੀ ਤੇ ਗਾਲ੍ਹਾਂ ਕੱਢੀਆਂ ਸਨ। ਮਰਦਾਨਾ ਤਾਂ ਸ਼ਹਿਰ ਵੇਖਣ ਗਿਆ ਸੀ, ਉਥੇ ਪਠਾਣਾਂ ਦਾ ਵਿਆਹ ਸੀ, ਤੇ ਗੁਰੂ ਨਾਨਕ ਪਾਤਸ਼ਾਹ ਨੇ ਮਰਦਾਨੇ ਨੂੰ ਰੋਕਿਆ ਸੀ ਕਿ ਸ਼ਹਿਰ ਤਾਂ ਬੜਾ ਹੈ, ਪਰ ਲੋਕ ਬੜੇ ਹੰਕਾਰੀ ਹਨ, ਇਸ ਲਈ ਨਾ ਜਾਹ, ਪਰ ਮਰਦਾਨਾ ਬਾਰ-ਬਾਰ ਕਹੀ ਜਾਏ ਤਾਂ ਸਤਿਗੁਰਾਂ ਕਿਹਾ ਸੀ, 'ਜਾਹ।' ਪਰ ਜਦ ਮਾਰ ਖਾ ਕੇ ਰੋਂਦਾ ਰੋਂਦਾ ਗੁਰੂ ਨਾਨਕ ਪਾਤਸ਼ਾਹ ਕੋਲ ਪੁੱਜਾ, ਤਾਂ ਸਭ ਅੱਗੇ ਪਿੱਛੇ ਦੀ ਸੂਝ ਰੱਖਣ ਵਾਲੇ ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਸੀ- ਇਹਨਾਂ ਹੰਕਾਰੀਆਂ ਨੂੰ ਵੀ ਸਜ਼ਾ ਦੇਣ ਵਾਲਾ ਆ ਰਿਹਾ ਹੈ। ਆਉਣ ਅਠਤਰੇ, ਜਾਣ ਸਤਾਨਵੇਂ ਦੀ ਲੰਮੀ ਪੇਸ਼ੀਨਗੋਈ ਵਾਲਾ ਸ਼ਬਦ ਉਚਾਰ ਦਿੱਤਾ।

ਭਾਈ ਲਾਲੋ ਤਾਂ ਅੱਗੇ ਹੀ ਸ਼ਹਿਰੋਂ ਬਾਹਰ ਰਹਿੰਦਾ ਸੀ, ਪਰ ਉਸ ਨੂੰ ਸਮਝਾ ਦਿੱਤਾ ਕਿ ਉਹ ਸ਼ਹਿਰ ਤੋਂ ਦੂਰ ਜਾ ਰਹੇ ਤੇ ਇਹ ਗੱਲ ਕੋਈ ੧੯-੨੦ ਸਾਲ ਪਹਿਲੋਂ ਭਾਈ ਲਾਲੋ ਨੂੰ ਸਮਝਾਈ ਤੇ ੧੯-੨੦ ਸਾਲ (ਬਾਬਰ ਦੇ ਹਮਲੇ ਵੇਲੇ) ਬਾਅਦ ਉਹ ਫਿਰ ਭਾਈ ਲਾਲੋ ਪਾਸ ਹੀ ਬੈਠੇ ਸਨ, ਤੇ ਏਮਾਨਾਬਾਦ 'ਤੇ ਹੁੰਦੇ ਜ਼ੁਲਮ ਨੂੰ ਦੇਖ ਕੇ ਫਿਰ ਰਹਿਮ ਵਿਚ ਆ ਗਏ। ਆਮ ਲੁਕਾਈ ਦਾ ਦੁੱਖ ਸਹਾਰਿਆ ਨਾ ਗਿਆ ਤੇ ਫੁਰਮਾਇਆ ਸੀ-

ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦੁ ਨ ਆਇਆ॥

ਸੋ ਠੀਕ ਇਹ ਸੰਮਤ ੧੭੯੭ ਹੀ ਸੀ। ਉਦੋਂ ਸੰਮਤ ੧੫੭੯ ਸੀ, ਜਦੋਂ ਬਾਬਰ ਆਇਆ ਸੀ।

ਠੰਢ ਦਾ ਜ਼ੋਰ ਹਟਦੇ ਹੀ, ਚੇਤਰ ਦੇ ਮਹੀਨੇ ਦੇ ਅਖੀਰ ਨਵਾਬ ਜ਼ਕਰੀਆ ਖਾਂ ਨੇ ਅੱਗਲਵਾਂਢੀ ਹੋ ਕੇ ਨਾਦਰ ਸ਼ਾਹ ਦਾ ਸਵਾਗਤ ਕੀਤਾ ਤੇ ਨਜ਼ਰਾਨੇ ਪੇਸ਼ ਕੀਤੇ। ਨਾਦਰ ਕੋਈ ਅੰਞਾਣਾ ਨਹੀਂ ਸੀ, ਉਹ ਜ਼ਕਰੀਆ ਖਾਂ ਦੀ ਆਓ-ਭਗਤ ਪਰਵਾਨ ਕਰ ਕੇ, ਉਸ ਦੇ ਨਾਲ ਲਾਹੌਰ ਕਿਲ੍ਹੇ ਆ ਗਿਆ। ਨਾਦਰ ਨੇ ਸਾਰੇ ਲਾਹੌਰ ਵਿਚ ਫਿਰ ਕੇ ਵੇਖਿਆ। ਸਭ ਨੇ ਸਵਾਗਤੀ ਸਲਾਮਾਂ ਕੀਤੀਆਂ। ਨਾਦਰ ਨੇ ਇਲਾਕੇ ਦੇ ਭੇਤ ਲਏ ਤੇ ਦਿੱਤੇ।

ਜ਼ਕਰੀਆ ਖਾਂ ਨੇ ਹੋਰ ਸਭ ਗੱਲਾਂ ਕੀਤੀਆਂ ਕਰਾਈਆਂ ਪਰ ਸਿੰਘਾਂ ਬਾਰੇ ਉਸ ਕੋਈ ਗੱਲ ਨਾ ਕੀਤੀ। ਉਸ ਦੇ ਖਿਆਲ ਵਿਚ ਅੱਵਲ ਤਾਂ ਸਿੰਘ ਹੈ ਹੀ ਨਹੀਂ ਸਨ, ਪਰ ਜੇ ਹੋਏ ਵੀ ਤਾਂ ਉਸ ਦੇ ਮਨ ਵਿਚ ਇਹ ਖਿਆਲ ਹੀ ਨਹੀਂ ਸੀ ਆ ਸਕਦਾ ਕਿ ਸਿੰਘ ਦੁਰਾਨੀ ਵਰਗੇ ਜ਼ਾਲਮ ਤੇ ਤਾਕਤਵਾਰ ਬਾਦਸ਼ਾਹ ਨਾਲ ਦੋ-ਦੋ ਹੱਥ ਕਰਨਗੇ। ਸੋ ਸਿੰਘਾਂ ਬਾਰੇ ਉਸ ਕੋਈ ਗੱਲ ਨਾ ਕੀਤੀ। ਦੋ ਚਾਰ ਦਿਨ ਲਾਹੌਰ ਠਹਿਰ ਕੇ ਨਾਦਰ ਸ਼ਾਹ ਦਿੱਲੀ ਵੱਲ ਤੁਰ ਗਿਆ।

ਦਿੱਲੀ ਉਤੇ ਇਸ ਸਮੇਂ ਮੁਹੰਮਦ ਸ਼ਾਹ ਰੰਗੀਲੇ ਦੀ ਬਾਦਸ਼ਾਹੀ ਸੀ। ਆਲੇ-ਦੁਆਲੇ ਦੇ ਕੁਝ ਸੂਬੇ ਅਜੇ ਤਕ ਉਸ ਨੂੰ ਤਵਾਨ ਭੇਜਦੇ ਸਨ, ਪਰ ਉਹ ਪੁਰਾਣੀਆਂ ਬਾਦਸ਼ਾਹੀ ਤਾਕਤਾਂ ਉਸ ਵਿਚ ਨਹੀਂ ਸਨ, ਪਰ ਸਿੱਕਾ ਅਜੇ ਮੁਗ਼ਲਾਂ ਦਾ ਹੀ ਚੱਲ ਰਿਹਾ ਸੀ, ਤੇ ਬਾਬਰ ਦਾ ਖਾਨਦਾਨ ਵਿਚੋਂ ਸੀ।

ਓਧਰ ਸਿੰਘਾਂ ਨੂੰ ਵੀ ਖਬਰਾਂ ਪੁੱਜ ਚੁੱਕੀਆਂ ਸਨ। ਨਾਦਰ ਦੇ ਆਉਣ ਕਾਰਨ ਪੰਜਾਬ ਦੇ ਹਾਕਮ ਹੁਣ ਉਹਨਾਂ ਦੇ ਮਗਰੋਂ ਲੱਥੇ ਹੋਏ ਸਨ। ਇਸ ਲਈ ਨਾਦਰ ਦੇ ਬਿਆਸ ਤੇ ਸਤਿਲੁਜ ਟੱਪ ਜਾਣ ਮਗਰੋਂ

ਸਿੰਘ ਪੰਜਾਬ ਦੇ ਜੰਗਲਾਂ, ਖਾਸ ਕਰ ਮਾਲਵੇ ਵਿਚ ਆਣ ਪੁੱਜੇ ਸਨ। ਹਾਂਸੀ ਤੇ ਹਿਸਾਰ ਦੇ ਇਲਾਕੇ ਵਾਲਿਆਂ ਦੇ ਜਥੇ ਵੀ ਜਮਨਾ ਦੇ ਉਰਲੇ ਕਿਨਾਰਿਆਂ ਦੇ ਜੰਗਲਾਂ ਵਿਚ ਇਕੱਠੇ ਹੋ ਗਏ ਸਨ।

ਨਾਦਰ ਸ਼ਾਹ ਦਾ ਮੁਕਾਬਲਾ ਕਰਨ ਦੀ ਬਾਦਸ਼ਾਹ ਦਿੱਲੀ ਵੱਲੋਂ ਕੋਸ਼ਿਸ਼ ਹੋਈ। ਪਾਣੀਪਤ ਦੇ ਮੈਦਾਨ ਵਿਚ ਉਸ ਦੀਆਂ ਫੌਜਾਂ ਨਾਦਰ ਸ਼ਾਹ ਦੇ ਮੁਕਾਬਲੇ ਲਈ ਇਕੱਠੀਆਂ ਹੋਈਆਂ, ਪਰ ਕੁਝ ਘੰਟੇ ਵੀ ਉਸ ਦੀਆਂ ਫ਼ੌਜਾਂ ਨਾਦਰ ਸ਼ਾਹੀ ਝਾਲ ਨਾ ਝੱਲ ਸਕੀਆਂ। ਉਸ ਨੇ ਝੱਟ ਹੀ ਸੁਲਹ ਕਰ ਲਈ ਤੇ ਨਾਦਰ ਸ਼ਾਹ ਨੂੰ ਪੂਰੇ ਸਨਮਾਨ ਨਾਲ ਦਿੱਲੀ ਦੇ ਲਾਲ ਕਿਲ੍ਹੇ ਵਿਚ ਲੈ ਗਿਆ। ਅਮਨ ਅਮਾਨ ਹੋ ਗਿਆ। ਦਿੱਲੀ ਵਾਸੀ ਤੇ ਹੋਰ ਆਲੇ ਦੁਆਲੇ ਦਾ ਇਲਾਕਾ ਦੁਰਾਨੀਆਂ ਦੀ ਲੁੱਟਮਾਰ ਤੋਂ ਬਚ ਗਿਆ।

ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਦਿੱਲੀ ਵਾਲਿਆਂ ਦੇ ਜ਼ੁਲਮ ਤੇ ਵਧੀਕੀਆਂ ਦੇ ਕੀਤੇ ਕਰਮਾਂ ਦਾ ਫਲ ਕੁਦਰਤ ਨੇ ਉਹਨਾਂ ਨੂੰ ਅਜੇ ਭੁਗਤਾਉਣਾ ਸੀ, ਇਸ ਲਈ ਨਾ ਚਾਹੁੰਦੇ ਹੋਇਆ ਵੀ ਕਤਲੇ-ਆਮ ਹੋਣ ਦਾ ਕਾਰਨ ਕੁਦਰਤ ਵੱਲੋਂ ਬਣਾ ਦਿੱਤਾ ਗਿਆ।

ਦੱਸਦੇ ਹਨ ਕਿ ਨਾਦਰ ਸ਼ਾਹ ਦੇ ਫ਼ੌਜੀ ਦਿੱਲੀ ਵਿਚ ਫਿਰ ਰਹੇ ਸਨ ਕਿ ਕੁਝ ਸਿਰ-ਫਿਰੇ (ਬੇਵਕੂਫ ਤੇ ਨਤੀਜੇ ਤੋਂ ਅਨਜਾਣ) ਲੋਕਾਂ ਨੇ ਐਵੇਂ ਹੀ ਖੱਪ ਪਾ ਦਿੱਤੀ, ਇਹ ਅਫਵਾਹ ਉਡਾ ਦਿੱਤੀ ਕਿ ਨਾਦਰ ਸ਼ਾਹ ਨੂੰ ਕਿਲ੍ਹੇ ਵਿਚ ਕਤਲ ਕਰ ਦਿੱਤਾ ਗਿਆ ਹੈ। ਇਹ ਗੱਪ ਸੀ, ਪਰ ਝੱਟ ਹੀ ਅਫਵਾਹ ਫੈਲ ਗਈ। ਲੋਕ ਭੂਤਰ ਗਏ ਤੇ ਦੁਰਾਨੀ ਫ਼ੌਜੀਆਂ ਦੇ ਗਲ ਪੈਣੇ ਸ਼ੁਰੂ ਹੋ ਗਏ ਤੇ ਕਈ ਦੁਰਾਨੀ ਮਾਰ ਵੀ ਦਿੱਤੇ ਗਏ। ਜਦ ਸ਼ਹਿਰ ਵਿਚ ਇਹ ਭਗਦੜ ਮੱਚੀ ਤਾਂ ਕਿਲ੍ਹੇ ਵਿਚ ਨਾਦਰ ਸ਼ਾਹ ਨੂੰ ਇਹ ਖ਼ਬਰ ਪੁਚਾਈ ਗਈ, ਤਾਂ ਨਾਦਰ ਸ਼ਾਹ ਸਖਤ ਗੁੱਸੇ ਵਿਚ ਆ ਗਿਆ। ਉਸ ਨੇ ਉਸੇ ਵੇਲੇ ਤਲਵਾਰ ਮਿਆਨ ਵਿਚੋਂ ਕੱਢ ਕੇ ਭਰੇ

ਦਰਬਾਰ ਵਿਚ ਰੱਖ ਦਿੱਤੀ। ਤਲਵਾਰ ਮਿਆਨ ਵਿਚੋਂ ਬਾਹਰ ਕੱਢ ਕੇ ਰੱਖਣ ਦਾ ਮਤਲਬ, ਨਾਦਰ ਸ਼ਾਹ ਵੱਲੋਂ ਕਤਲੇ-ਆਮ ਦਾ ਹੁਕਮ ਸੀ। ਨਾਦਰ ਸ਼ਾਹ ਦਾ ਇਹ ਕਾਨੂੰਨੀ ਹੁਕਮ ਸੀ ਤੇ ਕਿਸੇ ਬੋਲ ਦੀ ਉਡੀਕ ਕਰਨ ਦੀ ਲੋੜ ਨਹੀਂ ਸੀ।

ਨਾਦਰ ਦੇ ਫ਼ੌਜੀ ਜਰਨੈਲ ਵੱਲੋਂ ਸਭ ਫ਼ੌਜੀ ਸਰਦਾਰਾਂ ਨੂੰ ਹੁਕਮ ਮਿਲ ਗਏ ਕਿ ਕੀ ਸ਼ਹਿਰੀ ਤੇ ਕੀ ਫ਼ੌਜੀ, ਇਸਤਰੀ, ਬਾਲ ਬੱਚਾ ਤੇ ਬੁੱਢਾ, ਕਿਸੇ ਦਾ ਵੀ ਲਿਹਾਜ਼ ਨਹੀਂ ਕਰਨਾ, ਜੋ ਮਿਲੇ ਕਤਲ ਕਰੀ ਜਾਓ, ਤੇ ਜਦ ਤਕ ਬੰਦ ਕਰਨ ਦਾ ਹੁਕਮ ਨਾ ਪੁੱਜੇ ਕਤਲੇ-ਆਮ ਕਰਦੇ ਹੀ ਚਲੇ ਜਾਓ।

ਬੇਦਰਦ ਕਾਤਲਾਂ ਨੂੰ ਕਿਸੇ ਦਾ ਕੀ ਦਰਦ ਹੋਣਾ ਸੀ, ਜੋ ਜੀਉਂਦੇ ਕੁੱਕੜਾਂ ਤੇ ਬੱਕਰਿਆਂ ਨੂੰ ਉਂਜ ਹੀ ਭੁੰਨ ਭੁੰਨ ਖਾ ਜਾਣ ਵਾਲੇ ਜ਼ਾਲਮ ਸਨ। ਸੋ ਇਹ ਸਭ ਕਸਾਈਆਂ ਦਾ ਰੂਪ ਧਾਰ ਗਏ। ਸ਼ਹਿਰ ਦੇ ਗਲੀ ਤੇ ਮੁਹੱਲਿਆਂ ਨੂੰ ਧਾ ਕੇ ਪੈ ਗਏ। ਜੋ ਮਿਲਿਆ ਕਤਲ ਕਰੀ ਜਾਣ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਹੁਣ ਕੀ ਕਰੇ? ਉਹ ਆਪਣੀ ਥਾਂ ਬੈਠਾ ਕੰਬੀ ਜਾਂਦਾ ਸੀ, ਡਰਦੇ ਦਾ ਮੂੰਹ ਨਾ ਹਿੱਲੇ। ਰਾਜ ਦਰਬਾਰੀਆਂ ਦੇ ਮੂੰਹ ਪੀਲੇ ਪੈ ਗਏ। ਉਧਰ ਪਰਲੋ ਆਈ ਹੋਈ ਸੀ। ਜੇ ਕਿਸੇ ਵਾਰ ਰੋਕਿਆ, ਤਾਂ ਮੁਕਾਬਲਾ ਕਰ ਕੇ ਮਾਰਿਆ ਗਿਆ, ਤੇ ਜਿਸ ਬੋਲਣਾ ਨਹੀਂ, ਹੱਥ ਨਹੀਂ ਸੀ ਚੁੱਕਣਾ, ਉਹ ਵੀ ਕਤਲ ਹੁੰਦਾ ਜਾਂਦਾ ਸੀ। ਨਾ ਕੋਈ ਕਿਸੇ ਦੀ ਚੀਕ ਸੁਣੇ, ਨਾ ਪੁਕਾਰ। ਕਠੋਰ ਹਿਰਦੇ ਵਾਲੇ ਕਾਤਲ ਨਾ ਹੱਥ ਜੁੜੇ ਵੇਖਣ, ਨਾ ਕੋਈ ਗੱਲ ਹੀ ਕਿਸੇ ਦੀ ਸੁਣਨ। ਗਲੀਆਂ ਬਜ਼ਾਰਾਂ ਵਿਚ ਖ਼ੂਨ ਦੇ ਨਾਲੇ ਚੱਲ ਪਏ, ਐਸੀ ਬੇਮੁਹਾਰੀ ਤੇਗ ਤਲਵਾਰ ਵਾਹੀ ਜਾ ਰਹੀ ਸੀ। ਲੋਕ ਹਾਹਾਕਾਰ ਕਰਦੇ, ਘਰ ਛੱਡ-ਛੱਡ ਕੇ ਨੱਸੇ ਜਾਂਦੇ ਸਨ, ਪਰ ਲੱਖਾਂ ਦੀ ਤਾਦਾਦ ਵਿਚ ਦਿੱਲੀ ਵਿਚ ਅਤੇ ਆਲੇ ਦੁਆਲੇ ਇਕੱਠੇ ਹੋਏ ਦੁਰਾਨੀ ਅਤੇ ਅਬਦਾਲੀ ਫ਼ੌਜੀਆਂ ਤੋਂ ਬਚ ਕੇ

ਕੋਈ ਕਿੱਥੇ ਜਾ ਸਕਦਾ ਸੀ?

ਦੋ ਤਿੰਨ ਘੰਟੇ ਇਕ ਸਾਹਰੀ ਕਟਾਵੱਢ ਹੁੰਦੀ ਰਹੀ। ਮੁਹੰਮਦ ਸ਼ਾਹ ਰੰਗੀਲੇ ਦਾ ਇਕ ਬੁੱਢਾ ਜਿਹਾ ਵਜ਼ੀਰ ਇਸ ਸਮੇਂ ਕੁਝ ਸੋਚ ਕੇ, ਮੂੰਹ ਵਿਚ ਘਾਹ ਲੈ ਕੇ, ਦੁਰਾਨੀ ਨਾਦਰ ਸ਼ਾਹ ਦੇ ਸਾਹਮਣੇ ਸਿਰ ਨਿਵਾ ਕੇ ਜਾ ਖਲੋਤਾ।

'ਓ ਬੁੱਢੇ! ਕੀ ਚਾਹੁੰਦਾ ਹੈਂ?' ਨਾਦਰ ਨੇ ਕੜਕ ਕੇ ਪੁੱਛਿਆ।

'ਪਰ ਬੁੱਢਾ ਵਜ਼ੀਰ ਚੁੱਪ ਸੀ। ਉਸ ਨੇ ਫਿਰ ਪੁੱਛਿਆ ਤਾਂ ਵੀ ਉਹ ਚੁੱਪ ਰਿਹਾ, ਪਰ ਤੀਜੀ ਵਾਰ ਨਾਦਰ ਦੇ ਅਹਿਲਕਾਰ ਨੇ ਬੁੱਢੇ ਵਜ਼ੀਰ ਦੇ ਨੇੜੇ ਹੋ ਕੇ ਕਿਹਾ- 'ਓ ਬਜ਼ੁਰਗਾ ਬੋਲ ਤਾਂ ਸਹੀ, ਕੀ ਚਾਹੁੰਦਾ ਹੈਂ?'

'ਰਹਿਮ ਦੀ ਦਰਖਾਸਤ ਹੈ। ਹੁਣ ਖੁਦਾ ਦੀ ਖਲਕਤ 'ਤੇ ਰਹਿਮ ਕੀਤਾ ਜਾਏ!' ਇਹ ਆਖ ਕੇ ਬੁੱਢੇ ਵਜ਼ੀਰ ਦੀਆਂ ਅੱਖਾਂ 'ਚੋਂ ਹੰਝੂ ਵਗ ਤੁਰੇ ਤੇ ਉਹ ਨਾਦਰ ਸ਼ਾਹ ਦੇ ਅੱਗੇ ਲੰਮਾ ਪੈ ਗਿਆ।

ਨਾਦਰ ਸ਼ਾਹ ਦੇ ਮਨ 'ਤੇ ਅਸਰ ਹੋਇਆ, ਉਸ ਨੇ ਮੈਦਾਨ ਵਿਚ ਰੱਖੀ ਤਲਵਾਰ ਚੁੱਕੀ ਤੇ ਮਿਆਨ ਵਿਚ ਪਾ ਲਈ। ਬਸ ਇਹ ਕਤਲੇ-ਆਮ ਬੰਦ ਕਰ ਦੇਣ ਦਾ ਹੁਕਮ ਸੀ। ਉਸੇ ਵੇਲੇ ਨਾਦਰ ਸ਼ਾਹ ਦੇ ਜਰਨੈਲ ਨੇ ਕਤਲੇ-ਆਮ ਬੰਦ ਕਰਨ ਦਾ ਹੁਕਮ ਦੇ ਦਿੱਤਾ।

ਦਿੱਲੀ ਦੀ ਇਸ ਕਤਲੇ-ਆਮ ਦੀਆਂ ਖਬਰਾਂ ਨੇ ਸਭ ਪਾਸੇ ਦਹਿਸ਼ਤ ਫੈਲਾ ਦਿੱਤੀ। ਬਾਦਸ਼ਾਹੀ ਸਮਝੌਤੇ ਨੂੰ ਹੁਣ ਕੌਣ ਪੁੱਛਦਾ ਸੀ? ਨਾਦਰ ਸ਼ਾਹ ਨੇ ਹੁਣ ਮਨ-ਮਾਨੀਆਂ ਕਰਨ ਦਾ ਫੈਸਲਾ ਕਰ ਲਿਆ। ਦਿੱਲੀ ਦੇ ਸ਼ਾਹੀ ਕਿਲ੍ਹੇ ਵਿਚੋਂ ਉਸ ਨੇ, ਜੋ ਵੀ ਧਨ ਮਾਲ ਸੀ, ਉਸ 'ਤੇ ਕਬਜ਼ਾ ਕਰ ਲਿਆ ਸੀ। ਜਹਾਂਗੀਰ ਦੇ ਹੀਰਿਆਂ ਨਾਲ ਬਣਾਏ, ਮੋਰ ਦੀ ਸ਼ਕਲ ਵਾਲੇ ਤਖਤਿ-ਤਾਊਸ ਨੂੰ ਉਸ ਨੇ ਸਭ ਤੋਂ ਪਹਿਲਾਂ ਕਬਜ਼ੇ ਵਿਚ ਕੀਤਾ। ਇਸ ਵਿਚ ਹੀਰੇ ਮੋਤੀ ਤੇ ਵੱਡੇ ਜਗਮਗ ਜਗਮਗ ਕਰਨ ਵਾਲੇ ਨਗੀਨਿਆਂ ਦੀ ਐਸੀ ਸੁੰਦਰਤਾ ਸੀ ਕਿ ਹਨੇਰੇ ਵਿਚ ਵੀ ਚਾਨਣਾ

ਕਰ ਦਿੰਦਾ ਸੀ। ਉਸ ਸਮੇਂ ਉਸ ਦੀ ਕੀਮਤ ੯ ਕ੍ਰੋੜ ਦੀ ਸੀ, ਤੇ ਅੱਜ ਤਾਂ ਐਸੀ ਚੀਜ਼ ਹੀ ਦੁਰਲੱਭ ਹੈ। ਇਕ ਕੋਹੇਨੂਰ ਹੀਰਾ, ਜੋ ਆਂਡੇ ਜਿੱਡਾ ਸੀ ਤੇ ਅਲੱਭ ਵਸਤੂ ਸੀ, ਉਹ ਵੀ ਨਾਦਰ ਸ਼ਾਹ ਨੇ ਕਾਬੂ ਕਰ ਲਿਆ। ਇਸ ਤਰ੍ਹਾਂ ਦਾ ਅਲੱਭ ਖਜ਼ਾਨਾ ਕਾਬੂ ਕਰ ਕੇ ਵੀ ਉਸ ਨੇ ਆਪਣੇ ਫ਼ੌਜੀਆਂ ਨੂੰ ਲੁੱਟ ਮਾਰ ਕਰਨ ਤੋਂ ਨਹੀਂ ਹਟਾਇਆ, ਸਗੋਂ ਉਸ ਦੇ ਫ਼ੌਜੀ ਦੂਰ ਦੂਰ ਮਥਰਾ, ਖੁਰਜਾ ਤੇ ਦਿੱਲੀ ਦੇ ਆਲੇ ਦੁਆਲੇ ਸੌ-ਸੌ ਮੀਲ ਤਕ ਲੁੱਟ ਮਾਰ ਕਰਦੇ, ਅੱਗੇ ਅੱਗੇ ਚਲੇ ਗਏ। ਧਨ ਦੌਲਤ ਤਾਂ ਕਿਤੇ ਰਿਹਾ, ਉਹਨਾਂ ਨੇ ਹਿੰਦ ਦੀ ਪੱਤ ਆਬਰੋ ਵੀ ਖਤਮ ਕਰ ਦਿੱਤੀ, ਜੋ ਨੌਜਵਾਨ ਕੁੜੀ ਤੇ ਮੁੰਡਾ ਨਜ਼ਰੀਂ ਪਿਆ, ਪਕੜ ਲਿਆ। ੫੦ ਹਜ਼ਾਰ ਦੇ ਲਗਭਗ ਮੁੰਡਾ ਕੁੜੀ ਇਹਨਾਂ ਦੈਂਤਾਂ ਕਸਾਈਆਂ ਨੇ ਪਕੜ ਲਏ। ਮੁੰਡੇ ਕੁੜੀਆਂ ਰੋਂਦੇ ਤੇ ਚੀਖ ਪੁਕਾਰ ਕਰਦੇ ਸਨ, ਪਰ ਇਹ ਲੋਕ ਉਹਨਾਂ ਵੱਲ ਵੇਖ-ਵੇਖ ਹੱਸਦੇ ਤੇ ਮੁਸਕਰਾਉਂਦੇ ਸਨ। ਉਨ੍ਹਾਂ ਦੇ ਜਰਨੈਲ ਆਪੋ ਵਿਚ ਵੰਡੀਆਂ ਪਾਈ ਜਾਂਦੇ ਸਨ ਕਿ ਏਨੇ ੨ ਮੁੰਡੇ ਕੁੜੀਆਂ ਸਭ ਵੰਡ ਲਵਾਂਗੇ, ਤੇ ਮੰਡੀ ਲਗਾ ਕੇ ਫਿਰ ਵੇਚਾਂਗੇ ਤੇ ਧਨ ਕਮਾਵਾਂਗੇ।

ਨਾਦਰ ਨੂੰ ਇਸ ਤਰ੍ਹਾਂ ਕਰਦਿਆਂ ਦੋ ਤਿੰਨ ਮਹੀਨੇ ਲੰਘ ਗਏ ਤੇ ਉਹ ਹੁਣ ਏਨਾ ਕੁਝ ਕਾਫੀ ਸਮਝ ਕੇ ਵਾਪਸ ਪਰਤਣ ਦੀਆਂ ਤਿਆਰੀਆਂ ਕਰਨ ਲੱਗ ਪਿਆ।

***

੯.

ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਦੀ ਨਾਦਰ ਦੇ ਹਮਲੇ ਸਮੇਂ ਤੋਂ ਇਕ ਦੋ ਮਹੀਨੇ ਪਹਿਲੇ ਦੇ ਹੀ ਨੂਰ ਦੀ ਸਰਾਂ ਕੋਲ ਮਾਮੂਲ ਚੂੰਗੀ ਉਗਰਾਹੁਣ ਦੇ ਕੰਮ 'ਤੇ ਲੱਗੇ ਹੋਏ ਸਨ। ਟਕਾ ਖੋਤਾ ਤੇ ਆਨਾ ਗੱਡਾ ਲਈ ਜਾਂਦੇ ਸਨ, ਪਰ ਦੇਸ਼ ਦੀ ਅਜਿਹੀ ਹਾਲਤ ਸੀ ਕਿ ਨਾਦਰ ਦੇ ਆਉਣ ਕਰਕੇ ਕਿਸੇ ਨੂੰ ਹੋਰ ਪਾਸੇ ਧਿਆਨ ਦੇਣ ਦੀ ਵਿਹਲ ਹੀ ਨਹੀਂ ਸੀ। ਇਹ ਦੋਵੇਂ ਜਿੰਨੀ ਕੁ ਔਖੀ ਹਾਲਤ ਵਿਚ ਦਿਨ-ਕਟੀ ਕਰਦੇ ਰਹੇ ਸਨ, ਉਨੇ ਕੁ ਹੀ ਇਹ ਦਿਨ ਇਨ੍ਹਾਂ ਲਈ ਇਹ ਡਾਢੇ ਸੌਖੇ ਆ ਗਏ। ਇਨ੍ਹਾਂ ਨੇ ਘੋੜੇ ਵੀ ਬਣਾ ਲਏ ਤੇ ਰੋਜ਼ ਹੀ ਅੰਮ੍ਰਿਤ-ਸਰੋਵਰ ਵਿਚ ਟੁੱਭੀ ਲਾਉਣ ਲਈ ਵੀ ਫਿਰ ਜਾਂਦੇ ਤੇ ਰਾਤ ਗਾਹੜੇ ਜੰਗਲ ਵਿਚ ਗੁਜ਼ਾਰ ਕੇ ਦਿਨੇ ਫਿਰ ਉਥੇ ਹੀ ਜਾ ਖਲੋਂਦੇ।

ਉਧਰ ਸਿੰਘ ਜਥੇ ਜੋ ਦੂਰ ਦੂਰ ਜੰਗਲਾਂ ਵਿਚ ਸਨ, ਉਹ ਵੀ ਜਮਨਾ ਪਾਰ ਕਰ ਕੇ ਸਤਿਲੁਜ ਤੇ ਬਿਆਸਾ ਦੀਆਂ ਝੱਲਾਂ ਵਿਚ ਸ਼ਾਹੀ ਸੜਕ ਦੇ ਨੇੜੇ ਨੇੜੇ ਆ ਗਏ। ਉਹਨਾਂ ਨੂੰ ਨਾਦਰਸ਼ਾਹ ਦੀਆਂ ਵਧੀਕੀਆਂ ਤੇ ਜ਼ੁਲਮਾਂ ਦੀ ਸੂਹ ਮਿਲ ਚੁਕੀ ਸੀ। ਪੰਜਾਹ ਹਜ਼ਾਰ ਮੁੰਡੇ ਕੁੜੀਆਂ ਜੋ ਜ਼ਬਰਨ ਫੜੇ ਗਏ ਸਨ, ਉਨ੍ਹਾਂ ਦੇ ਲਿਜਾਣ ਲਈ ਉਸ ਨੇ ਗੱਡੇ ਇਕੱਠੇ

ਕੀਤੇ। ਲੋਕਾਂ ਦੇ ਹੀ ਡੰਗਰ ਖੋਹੇ ਤੇ ਇਕ ਗੱਡੇ ਉਤੇ ਪੰਜਾਹ-ਪੰਜਾਹ, ਸੱਠ-ਸੱਠ ਮੁੰਡੇ ਕੁੜੀਆਂ ਬੰਨ੍ਹ ਕੇ ਬਹਾ ਲਏ ਤੇ ਉਸ ਨੇ ਅੱਗੇ ਅੱਗੇ ਤੋਰ ਲਏ। ਉਸ ਨੂੰ ਖਿਆਲ ਸੀ ਕਿ ਰਸਤੇ ਵਿਚ ਕੋਈ ਵੀ ਐਸਾ ਨਹੀਂ ਜੋ ਮੇਰੇ ਨਾਲ ਅੜੇ। ਲਾਹੌਰ, ਜਲੰਧਰ ਤੇ ਮੁਲਤਾਨ ਦੇ ਹਾਕਮ ਸਭ ਮੈਨੂੰ ਨਜ਼ਰਾਨਾ ਦੇ ਕੇ ਮਿਲ ਚੁਕੇ ਹਨ। ਬਾਕੀ ਧਨ ਦੌਲਤ ਜੋ ਸੀ ਉਹ ਉਸ ਨੇ ਬਿਲਕੁਲ ਸਾਰੀ ਫ਼ੌਜ ਦੇ ਵਿਚਕਾਰ ਤੇ ਸਾਰੀ ਫ਼ੌਜ ਦੀ ਰਾਖੀ ਵਿਚ ਕਰ ਕੇ ਦਿੱਲੀਓਂ ਤੁਰ ਪਿਆ।

ਕੈਦ ਕੀਤੇ ਮੁੰਡੇ ਕੁੜੀਆਂ ਦੀ ਕੁਰਲਾਹਟ ਤੇ ਦਰਦਨਾਕ ਚੀਖ਼-ਪੁਕਾਰ ਦੀ ਆਵਾਜ਼ ਮੀਲਾਂ ਦੂਰ ਤਕ ਸੁਣਾਈ ਦੇ ਰਹੀ ਸੀ, ਪਰ ਕੋਈ ਮਾਈ ਦਾ ਲਾਲ ਇਨ੍ਹਾਂ ਦੁਖੀਆਂ ਦੀ ਸਹਾਇਤਾ ਕਰਨ ਵਾਲਾ ਨਹੀਂ ਸੀ। ਕੋਈ ਰੋ-ਰੋ ਕੇ ਭਗਵਾਨ ਰਾਮ ਲਈ ਪੁਕਾਰ ਰਿਹਾ ਸੀ, ਕੋਈ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਲੈ ਲੈ ਕੇ ਯਾਦ ਕਰਦਾ ਸੀ, ਕੋਈ ਦੇਵੀਆਂ ਤੇ ਕਈ ਸ਼ਿਵਜੀ ਤੇ ਹੋਰ ਦੇਵਤਿਆਂ ਅੱਗੇ ਪੁਕਾਰਾਂ ਕਰ ਰਹੇ ਸਨ, ਪਰ ਸਭ ਪੁਕਾਰਾਂ ਕੀਤੀਆਂ ਨੂੰ ਸੁਣਨ ਵਾਲਾ ਕੋਈ ਨਹੀਂ ਸੀ। ਸਿੰਘ ਬਹੁਤੇ ਸਤਲੁਜ ਦੀਆਂ ਝੱਲਾਂ ਵਿਚ ਸਨ, ਪਰ ਸਤਿਲੁਜੋਂ ਉਰਲੇ ਪਾਸੇ ਜੋ ਜੰਗਲਾਂ ਵਿਚ ਸਨ ਉਨ੍ਹਾਂ ਝੱਟ ਹੀ ਅੱਗੇ ਹੋ ਕੇ ਖਾਲਸੇ ਨੂੰ ਖਬਰਾਂ ਪੁਚਾਈਆਂ ਕਿ ਨਾਦਰਸ਼ਾਹ ਤਾਂ ਸਾਰੇ ਦੇਸ਼ ਦਾ ਧਨ ਹੀ ਲੈ ਚੱਲਿਆ ਹੈ। ਉਹ ਧਨ ਜੋ ਲਾਲ ਕਿਲ੍ਹੇ ਦੇ ਬਾਦਸ਼ਾਹਾਂ ਨੇ ਰੀਝਾਂ ਤੇ ਚਾਵਾਂ ਨਾਲ ਇਕੱਠਾ ਕੀਤਾ ਸੀ, ਉਹ ਸਭ ਨਾਦਰ ਦੇ ਕਾਬੂ ਆ ਗਿਆ ਹੈ ਤੇ ਹੋਰ ਜੋ ਸਾਰਾ ਦੇਸ਼ ਹੀ ਇਸ ਨੇ ਲੁੱਟ ਲਿਆ ਹੈ ਉਸ ਦਾ ਅੰਤ ਹੀ ਕੋਈ ਨਹੀਂ ਤੇ ਸਭ ਤੋਂ ਵੱਧ ਜੋ ਅਫ਼ਸੋਸ ਵਾਲੀ ਗੱਲ ਹੈ ਉਹ ਹੈ ਸਾਡੇ ਦੇਸ਼ ਦੀਆਂ ਕੁੜੀਆਂ ਤੇ ਨੌਜਵਾਨ ਜਬਰਨ ਫੜ ਕੇ ਲਿਜਾਏ ਜਾ ਰਹੇ ਹਨ ਜਿਨ੍ਹਾਂ ਨੇ ਜੀਵਨ ਭਰ ਲਈ ਗੋਲੇ ਤੇ ਗੋਲੀਆਂ ਬਣ ਕੇ ਗੁਜ਼ਾਰਨੇ ਹਨ।

ਸੋ ਖਾਲਸਾ ਜੀ, ਸਤਿਗੁਰੂ ਜੀ ਨੇ ਖਾਲਸਾ ਪੰਥ ਪਰਉਪਕਾਰ

ਲਈ ਕਾਇਮ ਕੀਤਾ ਸੀ. ਜੋ ਸਾਡੇ 'ਤੇ ਜ਼ੁਲਮ ਕਰਨ ਵਾਲੇ ਖਾਨ ਬਹਾਦਰ ਵਰਗੇ ਹਨ ਇਸ ਵੇਲੇ ਸਭ ਨਾਦਰ ਤੋਂ ਥਰ-ਥਰ ਕੰਬ ਰਹੇ ਸਨ, ਕਰਤਾਰ ਨੇ ਇਹ ਸਮਾਂ ਸਾਡੇ ਲਈ ਬਣਾਇਆ ਹੈ, ਉਸ ਨੇ ਸਾਡੀ ਪੁਕਾਰ ਸੁਣੀ ਹੈ ਤੇ ਨਾਦਰ ਦਾ ਹਮਲਾ ਕਰਵਾਇਆ ਹੈ। ਪਰ ਹੁਣ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਫਰਜ਼ ਨੂੰ ਨਿਬਾਹੀਏ। ਸਾਨੂੰ ਕੋਈ ਧਨ ਮਿਲੇ ਜਾਂ ਨਾ, ਪਰ ਇੰਜ ਕਰੋ, ਇਹਨਾਂ ਮੁੰਡੇ ਕੁੜੀਆਂ ਨੂੰ ਜ਼ਰੂਰ ਛੁਡਾਈਏ, ਇਸ ਕੰਮ ਤੋਂ ਪਿੱਛੇ ਨਾ ਹਟੀਏ, ਭਾਵੇਂ ਕਿੰਨੀਆਂ ਵੀ ਸ਼ਹੀਦੀਆਂ ਕਿਉਂ ਨਾ ਦੇਣੀਆਂ ਪੈਣ।

ਨਵਾਬ ਕਪੂਰ ਸਿੰਘ ਤੇ ਹੋਰ ਸਿੰਘ ਜਥੇਦਾਰ ਸਭ ਇਸ ਗੱਲ 'ਤੇ ਇਕ-ਰਾਇ ਸਨ ਕਿ ਨਾਦਰ ਨਾਲ ਵੀ ਦੋ ਹੱਥ ਜ਼ਰੂਰ ਹੀ ਕੀਤੇ ਜਾਣ, ਝਿਜਕਿਆ ਨਾ ਜਾਏ। ਦੇਸ਼ ਦਾ ਇਹ ਧਨ, ਇਹ ਮਾਲ, ਇਹ ਲੁੱਟ ਦਾ ਸਾਮਾਨ ਤੇ ਕੁੜੀਆਂ ਮੁੰਡੇ ਦੇਸ਼ ਦੇ ਹਨ, ਪਰ ਇਹ ਜਾਬਰ ਲੁਟੇਰੇ, ਦੇਸ਼ ਦੀ ਇੱਜ਼ਤ ਤੇ ਧਨ ਨੂੰ ਸਦਾ ਹੀ ਲੈ ਜਾਣ, ਇਹ ਠੀਕ ਨਹੀ। ਠੀਕ ਹੈ, ਪੰਜਾਬ ਦੇ ਇਹ ਰਾਖੇ ਤੇ ਮਾਲਕ ਸਾਡੇ ਮਗਰ ਤਾਂ ਫੌਜਾਂ ਲੈ ਕੇ ਤੁਰ ਪੈਂਦੇ ਹਨ, ਪਰ ਹੁਣ ਐਉਂ ਹਨ, ਜਿਵੇਂ ਉਹਨਾਂ ਵਿਚ ਜਾਨ ਹੀ ਨਹੀਂ ਹੁੰਦੀ, ਗਊਆਂ ਬੱਕਰੀਆਂ ਬਣ ਬਣ ਕੇ ਆਪਣੀਆਂ ਜਾਨਾਂ ਬਚਾ ਰਹੇ ਹਨ, ਪਰ ਖਾਲਸਾ ਐਸੇ ਜ਼ਾਬਰ ਨੂੰ ਵੀ ਹੱਥ ਵਿਖਾਏਗਾ ਤੇ ਦੇਸ਼ ਦੀ ਜਾ ਰਹੀ ਧਨ ਦੌਲਤ ਵਿਚੋਂ ਜ਼ਰੂਰ ਹੀ ਆਪਣਾ ਹਿੱਸਾ ਕੱਢ ਲਏਗਾ!

ਇਹ ਸੋਚ ਕੇ ਸਿੰਘ ਸੂਰਮੇ, ਜਾਂ-ਬਾਜ਼ ਤੇ ਸਿਰਲੱਥ, ਤੇਗ ਦੇ ਧਨੀ, ਪਰਉਪਕਾਰੀ ਖਾਲਸੇ ਨੇ ਵਿਉਂਤ ਬਣਾ ਲਈ। ਮਾਲਵੇ ਦੇ ਜੰਗਲਾਂ ਤੋਂ ਸਤਿਲੁਜ ਦੇ ਕਿਨਾਰਿਆਂ ਤਕ ਜਿਥੋਂ ਦੀ ਨਾਦਰ ਨੇ ਲੰਘਣਾ ਸੀ, ਆਪਣੇ ਦਲ ਦੇ ਕਈ ਹਿੱਸੇ ਬਣਾ ਲਏ, ੧੦੦ ਮੀਲ ਦੇ ਜੰਗਲ ਵਿਚ ਖਿਲਰ ਗਏ। ਦਸ ਹਜ਼ਾਰ ਦੁਰਾਨੀਆਂ ਦਾ ਲਸ਼ਕਰ ਰੋਂਦੇ ਚਿਲਾਂਦੇ ਮੁੰਡੇ ਕੁੜੀਆਂ ਨੂੰ ਗੱਡਿਆਂ 'ਤੇ ਬਿਠਾਈ ਅੱਗੇ ਅੱਗੇ ਜਾ ਰਹੇ ਸਨ। ਪਿੱਛੇ ੨੫-੩੦

ਹਜ਼ਾਰ ਹੋਰ ਫ਼ੌਜ ਤੇ ਫੇਰ ਧਨ ਦੌਲਤ ਸੀ। ਗੁਰੀਲਾ ਜੰਗ ਦੇ ਮਾਹਿਰ ਸਿੰਘਾਂ ਨੇ ਇਸ ਸਭ ਕੁਝ ਨੂੰ ਆਪਣੇ ਸੂਹੀਆਂ ਦੇ ਰਾਹੀਂ ਸਮਝ ਲਿਆ। ਇਹ ੫੦-੬੦ ਮੀਲਾਂ ਵਿਚ ਸਾਰਾ ਲਾਮ-ਲਸ਼ਕਰ ਖਿੱਲਰ ਕੇ ਜਾ ਰਿਹਾ ਸੀ।

ਜਦ ਕੁੜੀਆਂ ਮੁੰਡਿਆਂ ਦਾ ਵਹੀਰ ਦਰਿਆ ਸਤਿਲੁਜ ਦੇ ਕਿਨਾਰੇ ਪਹੁੰਚ ਗਿਆ ਤੇ ਦਰਿਆ ਪਾਰ ਕਰਨ ਲੱਗਾ ਤਾਂ ਦੋ ਢਾਈ ਹਜ਼ਾਰ ਦੇ ਦੋ ਤਿੰਨਾਂ ਜਥਿਆਂ ਨੇ ਬਿਜਲੀ ਦੀ ਫੁਰਤੀ ਨਾਲ ਉਹਨਾਂ ਫ਼ੌਜੀ ਦੁਰਾਨੀਆਂ 'ਤੇ ਹਮਲਾ ਕਰ ਦਿੱਤਾ, ਗੱਡਿਆਂ ਨੂੰ ਖਾਲੀ ਕਰ ਕੇ ਬੇੜੀਆਂ ਵਿਚ ਰੱਖ ਰਹੇ ਸਨ ਤੇ ਮੁੰਡੇ ਕੁੜੀਆਂ ਨੂੰ ਬਰਛਿਆਂ ਤੇ ਤਲਵਾਰਾਂ ਦੀਆਂ ਨੋਕਾਂ ਨਾਲ ਵੱਖ-ਵੱਖ ਕਰਕੇ ਪਾਰ ਲਿਜਾ ਰਹੇ ਸਨ। ਮੁੰਡੇ ਕੁੜੀਆਂ ਐਵੇਂ ਮਾਮੂਲੀ ਰੱਸੀਆਂ ਨਾਲ ਬੱਝੇ ਹੋਏ ਸਨ। ਖਾਲਸੇ ਦੀ ਤੇਗ ਅੱਗੇ ਤਾਂ ਦੁਰਾਨੀਆਂ ਨੇ ਡਿੱਠੀ ਨਹੀਂ ਸੀ। ਉਹ ਮਰਦੇ ਮਰਦੇ ਵੀ ਹੌਂਸਲਾ ਕਰਦੇ ਤੇ ਸਾਹਮਣੇ ਹੁੰਦੇ, ਪਰ ਖਾਲਸੇ ਦੀ ਤੇਗ ਨੇ ਹਜ਼ਾਰਾਂ ਹੀ ਸਦਾ ਦੀ ਨੀਂਦੇ ਸਵਾ ਦਿੱਤੇ, ਜਿੰਨੀਆਂ ਕੁ ਰੱਸੀਆਂ ਖੋਲ੍ਹ ਸਕੇ ਉਨ੍ਹਾਂ ਦੀਆਂ ਰੱਸੀਆਂ ਖੋਲ੍ਹ ਦਿੱਤੀਆਂ ਤੇ ਸਭ ਨੂੰ ਜੰਗਲਾਂ ਵੱਲ ਉਹਨਾਂ ਮਰ ਚੁਕੇ ਦੁਰਾਨੀਆਂ ਦੇ ਘੋੜਿਆਂ 'ਤੇ ਚੜ੍ਹਾ ਕੇ ਭਜਾ ਦਿੱਤਾ।

ਘੰਟੇ ਅੱਧੇ ਘੰਟੇ ਮਗਰੋਂ ਪਿੱਛੇ ਖਬਰ ਮਿਲੀ। ਨਾਦਰ ਸ਼ਾਹ ਨੇ ਗੁੱਸੇ ਨਾਲ ਪਿੱਛੋਂ ਹੋਰ ਫੌਜ ਅੱਗੇ ਭੇਜੀ, ਪਰ ਸਿੰਘਾਂ ਪਹਿਲੇ ਹੱਲੇ ਵਿਚ ਹੀ ਹਜ਼ਾਰਾਂ ਮੁੰਡੇ ਕੁੜੀਆਂ ਛੁਡਾ ਲਏ ਤੇ ਹਜ਼ਾਰਾਂ ਦੁਰਾਨੀ ਮਾਰ ਕੇ ਹਰਨ ਹੋ ਚੁਕੇ ਸਨ। ਜਦ ਕੋਈ ਪੇਸ਼ ਨਾ ਗਈ, ਕੋਈ ਸਿੰਘ ਵੀ ਕਾਬੂ ਨਾ ਆਇਆ ਤਾਂ ਨਾਦਰ ਸ਼ਾਹ ਦੰਦੀਆਂ ਕਰੀਚ ਕਰੀਚ ਕੇ ਕਹਿਣ ਲੱਗਾ-'ਇਹ ਕੌਣ ਹਨ?'

'ਜਹਾਂ ਪਨਾਹ, ਪਤਾ ਨਹੀਂ ਕੌਣ ਹਨ, ਅਚਾਨਕ ਹੀ ਪਏ ਹਨ। ਅਸੀਂ ਤਾਂ ਸਮਝਦੇ ਸਾਂ ਕਿ ਸਾਡੇ ਮੁਕਾਬਲੇ 'ਤੇ ਕੋਈ ਆ ਹੀ ਨਹੀਂ

ਸਕਦਾ, ਪਰ ਇਨ੍ਹਾਂ ਦਾ ਨਾ ਆਉਂਦਿਆਂ ਦਾ ਹੀ ਪਤਾ ਲੱਗਾ ਹੈ, ਨਾ ਜਾਂਦਿਆਂ ਦਾ ਹੀ।'

'ਪੂਰਾ ਬੰਦੋਬਸਤ ਕਰੋ, ਹੁਣ ਐਸਾ ਨਾ ਹੋਵੇ।'

ਨਾਦਰ ਸ਼ਾਹ ਇਹ ਸਭ ਕੁਝ ਵੇਖ ਕੇ ਗੁੱਸੇ ਵਿਚ ਆਇਆ ਹੋਇਆ ਐਸੇ ਹੁਕਮ ਦੇ ਹੀ ਰਿਹਾ ਸੀ ਕਿ ਉਧਰ ਸਿੰਘਾਂ ਨੇ ਧਨ ਦੌਲਤ ਦੇ ਗੱਡਿਆਂ ਉੱਤੇ ਹਮਲਾ ਕਰ ਦਿੱਤਾ ਤੇ ਨਾਦਰ ਸ਼ਾਹ ਨੂੰ ਖਬਰ ਪੁੱਜਦੇ ਤਕ ਸਿੰਘਾਂ ਨੇ ਕਈ ਗੱਡੇ ਖਾਲੀ ਕਰ ਦਿੱਤੇ। ਸਿੰਘ ਬਿਜਲੀ ਦੀ ਫੁਰਤੀ ਵਿਖਾ ਕੇ ਚਲਾਕੀ ਤੇ ਤੇਗ ਦੀ ਬਹਾਦਰੀ ਨਾਲ ਘੋੜਿਆਂ ਦੀਆਂ ਖੁਰਜੀਆਂ ਧਨ ਦੌਲਤ ਨਾਲ ਭਰ ਕੇ ਲੈ ਗਏ। ਨਾਦਰ ਦੇ ਫ਼ੌਜੀ ਤਾਂ ਕਈਆਂ ਨੂੰ ਮਾਰ ਕੇ ਕੁੱਟ ਕੇ ਤੇ ਥੋੜ੍ਹਾ-੨ ਕਰ ਕੇ ਇਹ ਧਨ ਇਕੱਠਾ ਕਰ ਕੇ ਲਿਆਏ ਸਨ, ਪਰ ਖਾਲਸੇ ਨੂੰ ਬਹੁਤੀ ਖੇਚਲ ਵੀ ਨਾ ਕਰਨੀ ਪਈ ਤੇ ਦੇਸ਼ ਦੀ ਲੁੱਟ ਦੇ ਮਾਲ ਵਿਚੋਂ ਜਿੰਨਾ ਕੁ ਦਾਅ ਲੱਗਾ, ਆਪਣਾ ਵਾਪਸ ਮੋੜ ਕੇ ਲੈ ਗਏ।

ਇਹ ਖਬਰ ਨਾਦਰ ਨੂੰ ਪੁੱਜੀ ਤਾਂ ਉਸ ਨੂੰ ਹੁਣ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ, 'ਓਇ, ਇਹ ਕੌਣ ਹਨ ਜੋ ਮੇਰੇ ਡਰ ਨੂੰ ਵਿਸਾਰ ਕੇ ਮੇਰੇ ਖਜ਼ਾਨੇ ਨੂੰ ਲੁੱਟ ਰਹੇ ਹਨ? ਮੇਰੇ ਅੱਗੇ ਤਾਂ ਕੋਈ ਅੜਿਆ ਨਹੀਂ, ਨਾ ਹੀ ਕਿਸੇ ਨੇ ਕੋਈ ਗੱਲ ਐਸੀ ਕੀਤੀ ਹੈ ਕਿ ਫਲਾਣੇ ਲੋਕ ਹਨ ਜੋ ਆਕੀ ਹਨ। ਕਿਧਰੋਂ ਆਏ ਸਨ?' ਨਾਦਰ ਸ਼ਾਹ ਨੇ ਫ਼ੌਜੀਆਂ ਨੂੰ ਪੁੱਛਿਆ।

'ਜਹਾਂ ਪਨਾਹ! ਕੋਈ ਪਤਾ ਨਹੀਂ ਲੱਗਦਾ ਕਿ ਕਿੱਧਰੋਂ ਆਉਂਦੇ ਹਨ। ਨਾ ਪਤਾ ਲਗਦਾ ਹੈ, ਇਹ ਕੌਣ ਹਨ? ਅਕਾਲ! ਅਕਾਲ! ਆਖਦੇ ਹਨ, ਜਦੋਂ ਆਉਂਦੇ ਹਨ ਤੇ ਜਾਣ ਲੱਗੇ 'ਖਾਲਸਾ ਹਰਨ' ਦੀ ਆਵਾਜ਼ ਸੁਣੀ ਹੈ। ਅੱਗੇ ਤਾਂ ਐਸਾ ਕੋਈ ਨਹੀਂ ਵੇਖਿਆ, ਪਤਾ ਨਹੀਂ ਇਹ ਕੌਣ ਹਨ!'

'ਠੀਕ ਹੈ, ਪਤਾ ਲੱਗਣ 'ਤੇ ਇਨ੍ਹਾਂ ਦੇ ਘਰ ਘਾਟ ਛੱਡਾਂਗਾ ਨਹੀਂ,

ਦਿੱਲੀ ਵਾਲਿਆਂ ਨਾਲੋਂ ਬੁਰੀ ਹਾਲਤ ਇਹਨਾਂ ਦੀ ਕਰਾਂਗਾ।' ਨਾਦਰ ਸ਼ਾਹ ਇਸ ਤਰ੍ਹਾਂ ਗੱਲਾਂ ਗੁੱਸੇ ਵਿਚ ਆ ਕੇ ਆਪਣੇ ਵੱਡੇ ਵਜ਼ੀਰਾਂ ਤੇ ਜੰਗੀ ਜਰਨੈਲਾਂ ਨੂੰ ਆਖੀ ਜਾਂਦਾ ਸੀ, ਪਰ ਏਨੇ ਨੂੰ ਉਸ ਨੂੰ ਫਿਰ ਖਬਰ ਮਿਲੀ, 'ਜਹਾਂ ਪਨਾਹ! ਅਗਲੇ ਪਾਸਿਓਂ ਵਹੀਰ 'ਤੇ ਉਹਨਾਂ ਨੇ ਫਿਰ ਹਮਲਾ ਕਰ ਦਿੱਤਾ ਹੈ, ਜਿੰਨੇ ਮੁੰਡੇ ਕੁੜੀਆਂ ਸਤਿਲੁਜ ਤੋਂ ਪਾਰ ਕੀਤੇ ਸਨ, ਉਹ ਸਾਰੇ ਹੀ ਉਹ ਛੁਡਾ ਕੇ ਲੈ ਗਏ ਹਨ। ਦੋ ਕੁ ਹਜ਼ਾਰ ਰਾਖਾ ਅਗਲੇ ਪਾਸੇ ਪੁੱਜਾ ਸੀ, ਉਹ ਵੀ ਮਾਰਿਆ ਗਿਆ ਹੈ।

'ਓਇ ਹੈਰਾਨੀ ਹੈ! ਏਨੀ ਫ਼ੌਜ ਦੇ ਹੁੰਦਿਆਂ ਸਾਡੇ 'ਤੇ ਕੋਈ ਛਾਪੇ ਮਾਰ ਜਾਵੇ? ਇਹ ਆਖ ਕੇ ਉਸ ਨੇ ਹੁਕਮ ਦਿੱਤਾ, ਸ਼ਾਹੀ ਫ਼ੌਜ ਨੂੰ ਉਰਲੇ ਕਿਨਾਰੇ ਪਹੁੰਚ ਲੈਣ ਦਿਓ। ਖਜ਼ਾਨੇ ਦੀ ਰਾਖੀ ੫੦ ਹਜ਼ਾਰ ਫ਼ੌਜ ਕਰੇ ਤੇ ਮੁੰਡੇ ਕੁੜੀਆਂ ਵੀ ੨੫ ਹਜ਼ਾਰ ਫ਼ੌਜ ਦੀ ਰਾਖੀ ਵਿਚ ਅੱਗੇ ਤੁਰਨ।'

ਪਰ ਉਧਰ ਸਿੰਘ ਸੂਈਏ, ਜੋ ਪਠਾਣਾਂ ਦੀ ਬੋਲੀ ਵੀ ਜਾਣਦੇ ਸਨ, ਉਹਨਾਂ ਦੀ ਘਬਰਾਹਟ ਤੋਂ ਪੂਰਾ ਫਾਇਦਾ ਉਠਾਉਣਾ ਚਾਹੁੰਦੇ ਸਨ। ਸਿੰਘ ਜਥੇ ਦੁਰਾਨੀ ਲਸ਼ਕਰ ਤੋਂ ਕੇਵਲ ੧੦-੧੦ ਮੀਲ ਦੂਰ ਜੰਗਲਾਂ ਵਿਚ ਨਾਲ ਨਾਲ ਹੀ ਅੱਗੇ ਅੱਗੇ ਵਧਦੇ ਚਲੇ ਆ ਰਹੇ ਸਨ। ਜੰਗਲਾਂ ਵਿਚ ਵਿੱਚਰਨ ਵਾਲੇ ਇਹਨਾਂ ਅਲਬੇਲੇ ਸਿੰਘਾਂ (ਸ਼ੇਰਾਂ) ਨੂੰ ਤਾਂ ੫੦-੫੦ ਮੀਲ ਤਕ ਦੌੜ ਕੇ ਏਧਰ ਓਧਰ ਜਾਣ ਵਿਚ ਰਤੀ ਵੀ ਰੋਕ ਨਹੀਂ ਸੀ ਪੈ ਰਹੀ। ਸਿੰਘਾਂ ਨੂੰ ਲੋੜ ਸ਼ਸਤਰਾਂ ਤੇ ਤੇਜ਼ ਦੌੜਨ ਵਾਲੇ ਕਾਬਲੀ ਘੋੜਿਆਂ ਦੀ ਸੀ, ਸੋ ਮੁੰਡੇ ਕੁੜੀਆਂ ਛੁਡਾਉਣ ਤੇ ਧਨ ਦੌਲਤ ਨੂੰ ਹੱਥ ਪਾਉਣ ਦੇ ਨਾਲ ਉਹ ਇਸ ਗੱਲ ਵੱਲ ਵਧੇਰੇ ਧਿਆਨ ਰੱਖ ਰਹੇ ਸਨ। ਜਿਹੜੇ ਮੁੰਡੇ ਕੁੜੀਆਂ ਉਨ੍ਹਾਂ ਛੁਡਾਏ ਉਹਨਾਂ ਸਭ ਨੂੰ ਜੰਗਲ ਵਿਚ ਲਿਆ ਕੇ ਦੁਰਾਨੀਆਂ ਦੇ ਲੁੱਟੇ ਰਾਸ਼ਨ ਦੇ ਲੰਗਰ ਬਣਵਾਏ ਤੇ ਉਹਨਾਂ ਨੂੰ ਕਿਹਾ, ਤੁਸੀਂ ਵੀ ਰੱਜ ਕੇ ਖਾਓ, ਫਿਰ ਤੁਹਾਨੂੰ ਘਰੀਂ ਪੁਚਾਵਾਂਗੇ ਤੇ

ਸਾਡੇ ਲਈ ਵੀ ਲੰਗਰ ਤਿਆਰ ਕਰੋ। ਖਾਲਸੇ ਦੀ ਸੇਵਾ ਕਰੋ, ਖਾਲਸਾ ਤੁਹਾਡੀ ਰਾਖੀ ਕਰੇਗਾ।

ਦੈਂਤਾਂ ਤੇ ਨਿਰਦਈਆਂ ਦੇ ਹੱਥੋਂ ਛੁੱਟਣ ਵਾਲੇ ਕਈ ਤਾਂ ਆਪਣੇ ਮਨ ਵਿਚ ਫੈਸਲਾ ਕਰ ਲੈਂਦੇ ਸਨ ਕਿ ਜਿਸ ਦੇਸ਼ ਵਿਚ ਸਾਡੀ ਰੱਖਿਆ ਤੇ ਸਹਾਇਤਾ ਕਰਨ ਵਾਲਾ ਕੋਈ ਨਹੀਂ, ਉਥੇ ਵਾਪਸ ਨਹੀਂ ਜਾਣਾ, ਸਗੋਂ ਇਹਨਾਂ ਵਿਚ ਹੀ ਰਹਿਣਾ ਹੈ, ਜੋ ਬਿਨਾਂ ਕਿਸੇ ਰਿਸ਼ਤੇ ਦੇ ਬਿਨਾਂ ਕਿਸੇ ਸਬੰਧ ਦੇ ਆਪਣੀਆਂ ਜਾਨਾਂ ਖਤਰੇ ਵਿਚ ਪਾਉਂਦੇ ਤੇ ਸਾਡੇ ਵਰਗੇ ਮਜ਼ਲੂਮਾਂ ਦੀ ਖਾਤਰ ਜਿਨ੍ਹਾਂ ਦੀ ਪੁਕਾਰ ਨਾ ਕਿਸੇ ਦੇਵਤੇ ਨੇ ਸੁਣੀ, ਨਾ ਅਵਤਾਰ ਨੇ, ਜਿਨ੍ਹਾਂ ਦੀ ਅਸੀਂ ਤੇ ਸਾਡੇ ਨਾਲ ਦੇ ਪੂਜਾ, ਪ੍ਰਤਿਸ਼ਟਾ ਕਰਦੇ ਹਨ। ਸਾਡੇ ਲਈ ਤਾਂ ਇਹੀ ਦੇਵਤੇ ਹਨ, ਇਹੀ ਰੱਬ ਹਨ, ਇਹੀ ਅਵਤਾਰ ਹਨ, ਅਸੀਂ ਇਹਨਾਂ ਵਿਚ ਹੀ ਰਹਿਣਾ ਹੈ, ਤੇ ਇਹਨਾਂ ਦੇ ਨਾਲ ਰਹਿ ਕੇ ਹੀ ਮਰਨਾ ਹੈ। ਜੋ ਇਉਂ ਸੈਂਕੜੇ ਤੇ ਹਜ਼ਾਰਾਂ ਦਿਲੋਂ ਮਨੋਂ ਹੋ ਕੇ ਸਿੰਘ ਬਣਦੇ ਤੇ ਅੰਮ੍ਰਿਤ ਛਕ ਕੇ ਤਿਆਰ ਬਰ ਸੂਰਮੇ ਬਣ ਜਾਂਦੇ, ਉਹਨਾਂ ਨੂੰ ਸਿੰਘਾਂ ਦੇ ਕਰਤਬ ਦੇਖ ਕੇ ਹੀ ਸਿੰਘਊਪੁਣੇ ਦੀ ਪਾਣ ਚੜ੍ਹ ਜਾਂਦੀ, ਬੁਜ਼ਦਿਲੀ ਵਾਲੇ ਜੀਵਨ ਤੇ ਕਾਇਰ-ਪੁਣੇ ਵਾਲੇ ਜੀਵਨ ਦੀ ਥਾਂ ਉਹ ਇਸ ਸੱਚੇ ਆਪਾ-ਵਾਰੂ ਜੀਵਨ ਨੂੰ ਅਪਨਾ ਲੈਂਦੇ।

ਉਧਰ ਸਨ ਤਾਕਤ ਦੇ ਨਸ਼ੇ ਨਾਲ ਮਤਵਾਲੇ ਕਬਾਇਲੀ, ਦੁਰਾਨੀ ਤੇ ਅਬਦਾਲੀ ਤੇ ਏਧਰ ਸਨ ਜੀਵਨ-ਮੌਤ ਦੀ ਖੇਡ ਖੇਡਣ ਵਾਲੇ ਸੂਰਮੇ। ਨਾਦਰਸ਼ਾਹ ਦਾ ਸਾਰਾ ਲਸ਼ਕਰ ਸਤਲੁਜ ਦੇ ਉਰਲੇ ਕੰਢੇ ਪੁੱਜ ਗਿਆ ਤੇ ਉਹ ਆਪ ਸਾਰੀ ਨਿਗਰਾਨੀ ਕਰ ਰਿਹਾ ਸੀ। ਅੱਧੀ ਫੌਜ ਲੰਘ ਗਈ, ਫਿਰ ਉਹ ਬਾਕੀ ਮੁੰਡੇ ਕੁੜੀਆਂ ਲੰਘਾਏ ਗਏ, ਜੋ ਰੋਂਦੇ ਚਿਲਾਉਂਦੇ ਸਨ ਤੇ ਚੀਕਾਂ ਮਾਰ ਰਹੇ ਸਨ। ਦੁਰਾਨੀ ਅਜੇ ਉਰਲੇ ਪਾਸੇ ਸੀ, ਤੇ ਖਜ਼ਾਨਾ ਵੀ ਉਰਲੇ ਪਾਸੇ ਸੀ, ਪਰ ਉਹ ਆਪ ਜਾ ਕੇ ਉਰਲੇ ਪਾਸਿਓਂ ਖਜ਼ਾਨੇ ਨੂੰ ਅੱਗੇ ਮੰਗਵਾਉਣਾ ਚਾਹੁੰਦਾ ਸੀ ਕਿ ਸਿੰਘ ਵੀ ਇਸ ਸਮੇਂ

ਦੋਹਾਂ ਪਾਸਿਆਂ ਤੋਂ ਹੀ ਨੇੜੇ ਨੇੜੇ ਆਣ ਢੁੱਕੇ ਸਨ। ਸਿੰਘ ਸੂਹੀਏ ਹਰਨ ਹੁੰਦੇ ਹੋਏ ਵੀ ਦੁਰਾਨੀ ਦੇ ਲਸ਼ਕਰ ਦੀ ਹਰ ਹਿਲਜੁਲ ਦੀ ਤਾੜ ਤੇ ਖਬਰ ਰੱਖ ਰਹੇ ਸਨ। ਇਸ ਸਮੇਂ ਸਿੰਘਾਂ ਨੇ ਮੌਕਾ ਤਾੜ ਕੇ ਕਿਉਂਕਿ ਹਨੇਰਾ ਹੋ ਰਿਹਾ ਸੀ। ਤ੍ਰਿਕਾਲਾਂ ਪੈ ਰਹੀਆਂ ਸਨ ਤੇ ਨਾਦਰ ਸ਼ਾਹ ਚਾਹੁੰਦਾ ਸੀ ਕਿ ਦਰਿਆ ਪਾਰ ਕਰ ਕੇ ਸਾਰੇ ਫ਼ੌਜ ਦਾ ਇਕ ਥਾਂ ਹੀ ਪੱਕਾ ਪ੍ਰਬੰਧ ਕਰਕੇ ਰਾਤ ਬਿਤਾਈ ਜਾਵੇ। ਪਰ ਸੂਰਮੇ ਬਹਾਦਰ ਸਿੰਘਾਂ ਨੇ ਦੁਵੱਲੀ ਹਮਲਾ ਕਰ ਦਿੱਤਾ ੩-੪ ਹਜ਼ਾਰ ਦੀ ਗਿਣਤੀ ੫੦-੬੦ ਹਜ਼ਾਰ ਦੇ ਅੱਗੇ ਕੀ ਹੁੰਦੀ ਹੈ? ਪਰ ਇਹ ਉਹਨਾਂ ਜਾਂ-ਬਾਜ਼ ਸਿੰਘਾਂ ਦੀ ਕਹਾਣੀ ਹੈ, ਜੋ ਹਰ ਸਮੇਂ ਗੁਰੂ ਨੂੰ ਯਾਦ ਕਰਦੇ ਸਨ, ਗੁਰੂ ਨੂੰ ਅੰਗ ਸੰਗ ਸਮਝਦੇ ਸਨ ਤੇ ਗੁਰੂ ਜੀ ਦੇ ਫੁਰਮਾਨ-

ਸਵਾ ਲਾਖ ਸੇ ਏਕ ਲੜਾਊਂ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ॥

ਉਤੇ ਕਾਮਲ ਯਕੀਨ ਰੱਖਦੇ ਸਨ।

ਅਗਲੇ ਪਾਸੇ ਪੰਜਾਹ ਹਜ਼ਾਰ ਦੁਰਾਨੀ ਫ਼ੌਜੀ ਪਹੁੰਚ ਚੁਕਾ ਸੀ ਤੇ ਉਹਨਾਂ ਨੂੰ ਬੜਾ ਮਾਣ ਸੀ ਕਿ ਹੁਣ ਹਮਲਾ ਜੇ ਕਿਸੇ ਨੇ ਕੀਤਾ ਤਾਂ ਐਸਾ ਘੇਰਾ ਪਾਵਾਂਗੇ ਕਿ ਹਮਲਾ ਕਰਨ ਵਾਲੇ ਨੂੰ ਐਤਕਾਂ ਨਿਕਲਣ ਨਹੀਂ ਦੇਣਾ। ਬਹੁਤਿਆਂ ਦਾ ਮਾਣ ਹੁੰਦਾ ਹੀ ਹੈ ਤੇ ਫਿਰ ਲੜਾਕੇ ਵੀ ਸਨ। ਕਿੱਥੇ ਉਹ ਗੱਲ ਕਿ ੫੦-੫੦ ਹਜ਼ਾਰ ਤੇ ਲੱਖਾਂ ਫ਼ੌਜਾਂ ਵਾਲੇ ਜਾਟ ਤੇ ਰਾਜਪੂਤ ਮਰਹੱਟੇ ੨-੨, ੪-੪ ਹਜ਼ਾਰ ਕਬਾਇਲੀ ਤੇ ਮੁਗਲ ਫ਼ੌਜੀਆਂ ਅੱਗੇ ਡਰਦੇ ਹਥਿਆਰ ਸੁੱਟ ਦੇਂਦੇ ਸਨ ਤੇ ਧੀਆਂ ਭੈਣਾਂ ਦੇ ਡੋਲੇ ਦੇ ਕੇ ਇੱਜ਼ਤ, ਆਨ ਤੇ ਅਣਖ ਨੂੰ ਮਿੱਟੀ ਵਿਚ ਰੋਲ ਦੇਂਦੇ ਸਨ ਤੇ ਕਿੱਥੇ ਇਹ ਸਿੰਘ ਜੋ ਇਨ੍ਹਾਂ ਦੇਉ-ਕੱਦ ਅਬਦਾਲੀਆਂ ਤੇ ਦੁਰਾਨੀਆਂ ਨੂੰ ਕੁਝ ਵੀ ਨਹੀਂ ਸਮਝਦੇ ਸਨ. ਗੁਰੂ ਆਸਰੇ ਏਨੇ ਨਿਰਭੈ ਤੇ ਬਹਾਦਰ ਯੋਧੇ ਸਨ

ਕਿ ਅਕਾਲ ਪੁਰਖ ਵੀ ਉਨ੍ਹਾਂ ਨੂੰ ਸ਼ਕਤੀ ਬਖਸ਼ ਦੇਂਦਾ ਸੀ। ਉਹ ਬਿਜਲੀ ਦੀ ਫੁਰਤੀ ਨਾਲ ਉਸ ਪਾਸਿਓਂ ਪਏ, ਜਿਸ ਪਾਸੇ ਅਬਦਾਲੀ ਤੇ ਦੁਰਾਨੀ ਖੜ੍ਹੇ ਸਨ। ਦੋ ਢਾਈ ਹਜ਼ਾਰ ਸਿੰਘਾਂ ਨੇ ਤਾਂ ਅੱਗਾ ਰੋਕ ਕੇ ਦੁਰਾਨੀਆਂ ਨੂੰ ਹੋਰ ਪਾਸਿਓਂ ਵਹੀਰ ਵੱਲ ਵਧਣੋਂ ਰੋਕ ਦਿੱਤਾ ਤੇ ਹਜ਼ਾਰ ਕੁ ਸਿੰਘਾਂ ਨੇ ਬਸ ਇਹੋ ਕੰਮ ਸ਼ੁਰੂ ਕੀਤਾ ਕਿ ਰੱਸੇ ਖੋਲ੍ਹਣ ਤੇ ਕੁੜੀਆਂ ਮੁੰਡਿਆਂ ਨੂੰ ਜੰਗਲ ਵੱਲ ਭਜਾਈ ਜਾਣ। ਪੌਣੇ ਘੰਟੇ ਵਿਚ ਹੀ ਸਿੰਘਾਂ ਨੇ ਹੇਠਲੀ ਉਤੇ ਲਿਆ ਦਿੱਤੀ। ਦੁਰਾਨੀ ਤੇ ਅਬਦਾਲੀ ਕਚੀਚੀਆਂ ਲੈ ਲੈ ਪੈਣ, ਪਰ ਇਕ ਹਨੇਰਾ ਉਨ੍ਹਾਂ ਨਾਲ ਦੁਸ਼ਮਣੀ ਕਰ ਰਿਹਾ ਸੀ ਤੇ ਦੂਜਾ ਸਿੰਘਾਂ ਦੀ ਤੇਗ ਉਹਨਾਂ ਨੂੰ ਕੁਝ ਸਮਝ ਨਹੀਂ ਸੀ ਆਉਣ ਦਿੰਦੀ। ਸਿੰਘਾਂ ਨੇ ਲੋਥਾਂ ਦੇ ਢੇਰ ਲਾ ਦਿੱਤੇ।

ਏਨੀ ਹਲਾ ਹੂਲ ਹੋਈ ਕਿ ਹੱਦ ਹੀ ਹੋ ਗਈ। ਨਾਦਰਸ਼ਾਹ ਆਪ ੧੦੦੦੦ ਫ਼ੌਜ ਲੈ ਕੇ ਅਗਲੇ ਪਾਸੇ ਆ ਪੁੱਜਾ, ਪਰ ਹਨੇਰੇ ਵਿਚ ਉਸ ਦੀ ਪੇਸ਼ ਜਾਂਦੀ ਨਜ਼ਰ ਨਾ ਆਈ ਤਾਂ ਚਾਨਣ ਕਰਨ ਵਾਲੇ ਗੋਲੇ ਉਡਾ ਦਿੱਤੇ। ਸਿੰਘ ਮੌਕਾਸ਼ਨਾਸ ਪੂਰੇ ਸਨ ਝਟ ਹੀ ਜਥੇਦਾਰਾਂ ਨੇ ਖਾਲਸਾ ਜੀ, ਹਰਨ ਦੀ ਆਵਾਜ਼ ਦਿੱਤੀ ਤੇ ਸਿੰਘ ਸੂਰਮੇ ਜੰਗਲ ਵੱਲ ਹਰਨ ਹੋ ਗਏ। ਦੁਰਾਨੀਆਂ ਅਬਦਾਲੀਆਂ ਨੇ ਵੀ ਅੰਤਕਾਂ ਸਿੰਘਾਂ ਦਾ ਬੜਾ ਪਿੱਛਾ ਕੀਤਾ। ਪਰ ਇਕ ਸਿੰਘ ਵੀ ਕਾਬੂ ਨਾ ਆਇਆ ਸਗੋਂ ਕਈ ਦੁਰਾਨੀ ਅਬਦਾਲੀ ਰਸਤੇ ਦੀ ਨਾਵਾਕਫੀ ਕਰਕੇ ਅੜ ਅੜ ਕੇ ਡਿੱਗ-੨ ਪੈਂਦੇ ਰਹੇ ਤੇ ਆਪਣੇ ਘੋੜਿਆਂ ਥੱਲੇ ਹੀ ਦਲੇ ਮਲੇ ਗਏ। ਪਰ ਜਿਹੜੇ ਦੂਰ ਤਕ ਸਿੰਘਾਂ ਦੇ ਮਗਰ ਗਏ, ਉਹ ਝਾੜਾਂ ਦੀਆਂ ਵਾੜਾਂ ਤੇ ਕੰਡਿਆਂ ਵਿਚ ਐਸੇ ਫਸੇ ਕਿ ਨਾ ਵਾਪਸ ਮੁੜੇ, ਨਾ ਅੱਗੇ ਜਾ ਸਕੇ ਤੇ ਉਥੇ ਹੀ ਸਿੰਘਾਂ ਹੱਥੋਂ ਮਾਰੇ ਗਏ।

ਦੁਰਾਨੀ ਆਪ ਅਗਲੇ ਪਾਸੇ ਸਿੰਘਾਂ ਦੇ ਹਮਲੇ ਨੂੰ ਰੋਕਣ ਲਈ ਪੁੱਜਾ ਸੀ ਤੇ ਉਹ ਚਾਹੁੰਦਾ ਸੀ ਕਿ ਅਜਿਹੇ ਹਮਲਾਵਰਾਂ ਨੂੰ ਦੇਖਾਂ ਤਾਂ ਸਹੀ

ਕਿ ਏਨੇ ਦਲੇਰ ਕੌਣ ਹਨ ਜੋ ਮੇਰੇ ਵਰਗੇ ਸ਼ਕਤੀਸ਼ਾਲੀ ਤੇ ਜੇਤੂ ਪਾਤਸ਼ਾਹ ਦੀ ਵੀ ਪ੍ਰਵਾਹ ਨਹੀਂ ਕਰਦੇ। ਪਰ ਉਸ ਦੇ ਮਨ ਦੀ ਇਹ ਸੱਧਰ ਪੂਰੀ ਨਾ ਹੋ ਸਕੀ। ਉਸ ਦੇ ਸੈਂਕੜੇ ਤੇ ਹਜ਼ਾਰਾਂ ਜਵਾਨ ਮਾਰੇ ਗਏ, ਪਰ ਹਮਲਾਵਰ ਇਕ ਵੀ ਉਸ ਨੂੰ ਲਾਸ਼ਾਂ ਦੇ ਢੇਰ ਵਿਚੋਂ ਨਾ ਲੱਭਾ। ਪਰ ਅਜੇ ਉਹ ਇਸੇ ਗੱਲ ਨੂੰ ਦੇਖ ਰਿਹਾ ਸੀ ਕਿ ਜਾਂ-ਬਾਜ਼ ਸਿੰਘ ਪਿਛਲੇ ਪਾਸੇ ਉਸ ਦੀ ਧਨ ਦੌਲਤ ਦੀ ਰਾਖੀ ਫ਼ੌਜ ਨੂੰ ਆਣ ਪਏ। ਵੇਖਦੇ ਵੇਖਦੇ ਜੋ ਘੜਿਆ ਸੋ ਭੜ ਗਿਆ, ਜੋ ਕੁਝ ਵੀ ਸਿੰਘ ਕਾਬੂ ਕਰ ਸਕੇ, ਉਹਨਾਂ ਦੇਰ ਨਾ ਲਾਈ, ਹਥਿਆਰ, ਘੋੜੇ, ਧਨ ਤੇ ਰਾਸ਼ਨ ਦੇ ੪-੫ ਹਜ਼ਾਰ ਸਿੰਘਾਂ ਨੇ ਝੋਲੇ ਭਰ ਲਏ, ਜੋ ਖਾਲੀ ਨਾਲ ਲਿਆਏ ਸਨ। ਪਰ ਤੇਗ ਵਾਹੁਣ ਵਿਚ ਵੀ ਘੱਟ ਨਾ ਕੀਤੀ। ਨਾਦਰ ਹੈਰਾਨ ਸੀ ਕਿ ਹੁਣ ਫਿਰ ਪਿਛਲੇ ਪਾਸੇ ਜਾਏ, ਜਾਂ ਕੀ ਕਰੇ! ਉਸ ਨੇ ਫਿਰ ਚਾਨਣ ਦੇ ਗੋਲੇ ਛੁਡਵਾ ਕੇ ਸਾਰੀ ਫ਼ੌਜ ਨੂੰ ਹੀ ਹਮਲਾਆਵਰਾਂ ਪਿੱਛੇ ਪਾ ਦਿੱਤਾ, ਪਰ ਫੁਰਤੀਲੇ ਸਿੰਘ ਫੇਰ ਵੀ ਨਿਕਲ ਗਏ। ਜਿਹੜੇ ਬਹੁਤ ਦਲੇਰ ਹੋਏ, ਸਿੰਘਾਂ ਦੇ ਪਿੱਛੇ ਬਹੁਤਾ ਦੂਰ ਜੰਗਲਾਂ ਵਿਚ ਗਏ, ਉਹ ਜੰਗਲਾਂ ਵਿਚ ਫਸ ਕੇ ਕੋਈ ਕੋਈ ਹੀ ਬਚਿਆ, ਸਗੋਂ ਬਹੁਤੇ ਮਾਰੇ ਗਏ।

ਨਾਦਰ ਸ਼ਾਹ ਬੜੇ ਹੀ ਗੁੱਸੇ ਵਿਚ ਸੀ, ਪਰ ਕੀ ਕਰੇ, ਕੋਈ ਪੇਸ਼ ਨਹੀਂ ਸੀ ਜਾਂਦੀ। ਦੰਦੀਆਂ ਕਰੀਚ ਰਿਹਾ ਸੀ, ਪਰ ਹਾਲਾਤ ਤੋਂ ਮਜਬੂਰ ਸੀ ਤੇ ਸਿੰਘਾਂ ਨੇ ਇਕ ਵਾਰੀ ਉਸ ਦੇ ਵੱਟ ਕੱਢ ਦਿੱਤੇ ਤੇ ਉਸ ਦਾ ਨੱਕ ਵਿਚ ਦਮ ਕਰਕੇ ਰੱਖ ਦਿੱਤਾ। ਪਿੱਛੇ ਹੁਣ ਤਕ ਰਾਤ ਸਮੇਂ, ਜਿਥੇ ਵੀ ਉਸ ਨੇ ਬਿਸਰਾਮ ਕੀਤਾ ਸੀ, ਅਰਾਮ ਨਾਲ ਤੇ ਬੇਖਟਕਾ ਹੋ ਕੇ ਸੁੱਤਾ ਸੀ, ਪਰ ਅੱਜ ਦੀ ਰਾਤ ਐਸੀ ਆਈ ਕਿ ਉਹ ਬਹੁਤ ਹੀ ਬੇਅਰਾਮ ਰਿਹਾ, ਤੇ ਚਿੰਤਾਵਾਂ ਵਿਚ ਹੀ ਉਸ ਦੀ ਰਾਤ ਗੁਜ਼ਰੀ ਕਿ ਸਿੰਘ ਕਿਤੇ ਫਿਰ ਨਾ ਆ ਪੈਣ।

****

੧੦.

ਦਿਨ ਚੜ੍ਹਿਆ ਤਾਂ ਨਾਦਰ ਸ਼ਾਹ ਨੇ ਫੌਜ ਨੂੰ ਹੁਕਮ ਦਿੱਤਾ ਕਿ ਹੁਣ ਬਹੁਤੇ ਕਿਆਮ ਰਸਤੇ ਵਿਚ ਨਹੀਂ ਕਰਨੇ, ਸਗੋਂ ਜਿੰਨੀ ਛੇਤੀ ਹੋ ਸਕੇ, ਲਾਹੌਰ ਪਹੁੰਚਣਾ ਹੈ। ਲਾਹੌਰ ਪਹੁੰਚ ਕੇ, ਕਿਲ੍ਹੇ ਵਿਚ ਠਹਿਰ ਕੇ, ਫਿਰ ਮੈਂ ਇਨ੍ਹਾਂ ਬਾਗੀਆਂ ਦੀ ਖਬਰ ਲਵਾਂਗਾ, ਇਨ੍ਹਾਂ ਦੇ ਘਰ ਘਾਟ ਤਬਾਹ ਕਰਕੇ ਛੱਡਾਂਗਾ, ਤੇ ਇਨ੍ਹਾਂ ਨੂੰ ਕੀਤੇ ਦੀ ਪੂਰੀ ਪੂਰੀ ਸਜ਼ਾ ਦਿਆਂਗਾ। ਉਹ ਬੜੇ ਗੁੱਸੇ ਵਿਚ ਸੀ, ਪਰ ਸਤਲੁਜ ਤੇ ਬਿਆਸ ਪਾਰ ਕਰਨ ਸਮੇਂ ਸਿੰਘਾਂ ਨੇ ਵੀ ਆਪਣੀ ਪੂਰੀ ਵਾਹ ਲਾ ਦਿੱਤੀ। ਏਨੇ ਹਮਲੇ ਕੀਤੇ ਤੇ ਏਨਾ ਧਨ ਲੁੱਟਿਆ ਕਿ ਅੱਧੀ ਦੌਲਤ, ਦੇਸ਼ ਵਿਚੋਂ ਜਾਂਦੀ, ਦੇਸ਼ ਵਿਚ ਮੋੜ ਕੇ ਰੱਖ ਲਈ। ੫੦-੬੦ ਹਜ਼ਾਰ ਜੋ ਅਬਲਾਵਾਂ ਤੇ ਮਾਸੂਮ ਕੈਦ ਕਰ ਕੇ ਲਿਜਾਏ ਜਾ ਰਹੇ ਸਨ, ਉਹ ਵੀ ਅੱਧਿਓਂ ਬਹੁਤੇ ਛੁਡਾ ਲਏ। ਲੁੱਟੇ ਧਨ ਮਾਲ ਨੂੰ ਅੱਧਿਓਂ ਬਹੁਤਾ ਧਨ ਸਿੰਘਾਂ ਨੇ ਉਹਨਾਂ ਵਿਚ ਵੰਡ ਦਿੱਤਾ ਬਹੁਤੇ ਘਰੋਂ ਘਰੀ ਪੁਚਾਏ, ਪਰ ਕਈ ਐਸੇ ਸਨ, ਜੋ ਜਾਂ-ਬਾਜ਼ ਸਿੰਘਾਂ ਵਿਚ ਰਲ ਗਏ, ਅੰਮ੍ਰਿਤ ਛਕ ਕੇ ਸਿੰਘ ਬਣ ਗਏ, ਤੇ ਦੇਸ਼ ਦੀ ਇਸ ਸੱਚੀ ਸੇਵਾ ਵਿਚ ਲੱਗ ਗਏ।

ਉਧਰ ਨਾਦਰ ਸ਼ਾਹ ਨੇ ਮਸਾਂ ਹੀ ਬਿਆਸਾ ਪਾਰ ਕੀਤਾ। ਇਥੋਂ

ਤਕ ਸਿੰਘ ਉਸ ਨੂੰ ਸਰੇਸ਼ ਬਣ ਕੇ ਚੰਬੜੇ ਰਹੇ ਤੇ 30-40 ਮੀਲਾਂ ਵਿਚ ਖਿੱਲਰੇ ਨਾਦਰ ਸ਼ਾਹ ਦੇ ਲਾਮ-ਲਸ਼ਕਰ ਨੂੰ, ਕਦੀ ੧੦ ਮੀਲ ਅੱਗੋਂ ਤੇ ਕਦੀ ੧੦ ਮੀਲ ਪਿੱਛੋਂ ਜਾ ਪੈਂਦੇ ਰਹੇ। ਜਿੱਧਰ ਬਹੁਤੀ ਤਕੜਾਈ ਵੇਖਦੇ, ਉਧਰ ਨਾ ਪੈਂਦੇ ਦੂਜੇ ਪਾਸੇ ਜਾ ਪੈਂਦੇ, ਇਸ ਤਰ੍ਹਾਂ ਨਾਦਰ ਸ਼ਾਹ ਆਪ ਤੇ ਉਸ ਦੇ ਜਰਨੈਲ ਇਧਰ ਉਧਰ ਭੱਜਦੇ, ਉਹ ਜਿੱਧਰ ਵੀ ਜਾਂਦੇ ਤਕੜਾਈ ਕਰਦੇ, ਪਰ ਸਿੰਘ ਦੂਜੇ ਪਾਸੇ ਜਾ ਪੈਂਦੇ। ਇਸ ਤਰ੍ਹਾਂ ਸਿੰਘਾਂ ਨੇ ਜੰਗਲਾਂ ਦੇ ਆਸਰੇ, ਨਾਦਰ ਸ਼ਾਹ ਦੇ ਫ਼ੌਜੀਆਂ ਨੂੰ ਵੀ ਹੱਥਾਂ ਪੈਰਾਂ ਦੀ ਪਾ ਛੱਡੀ। ਪਰ ਬਿਆਸਾ ਪਾਰ ਹੋਣ ਮਗਰੋਂ, ਸਿੰਘ ਪਿੱਛੇ ਮੁੜੇ, ਤੇ ਮਾਲਵੇ ਦੇ ਜੰਗਲਾਂ ਵਿਚ ਆ ਗਏ।

ਠੀਕ ਇਨ੍ਹਾਂ ਹੀ ਦਿਨਾਂ ਵਿਚ ਜਦ ਨਾਦਰ ਦਿੱਲੀ ਪੁੱਜਾ ਤੇ ਉਸ ਦਾ ਡਰ ਸਾਰੇ ਦੇਸ਼ ਵਿਚ ਫੈਲ ਰਿਹਾ ਸੀ। ਇਹ ਚੇਤ ਦਾ ਮਹੀਨਾ ਸੀ ਤੇ ਸੰਮਤ ੧੭੯੭ ਚੜ੍ਹ ਚੁਕਾ ਸੀ। ਇਸ ਸਮੇਂ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਬੜੇ ਜ਼ੋਰ ਨਾਲ ਮਸੂਲ ਉਗਰਾਹੁਣ ਦੇ ਕੰਮ 'ਤੇ ਲੱਗੇ ਹੋਏ ਸਨ। ਆਲੇ ਦੁਆਲੇ ਦੇ ਕਈ ਛੋਟੇ ਮੋਟੇ ਤੇ ਪੰਚਾਂ ਨੰਬਰਦਾਰਾਂ ਆਦਿ ਨੂੰ ਸੂਹ ਤੇ ਖਬਰ ਮਿਲ ਚੁਕੀ ਸੀ, ਪਰ ਜਦ ਉਹ ਸੁਣਦੇ ਸਨ ਕਿ ਇਹ ਬੀਰ ਬਾਂਕੇ ਸਿੰਘ ਪੰਜਾਂ ਦਸਾਂ ਦੀ ਪ੍ਰਵਾਹ ਹੀ ਨਹੀਂ ਕਰਦੇ ਤੇ ਕਈ ਵਾਰੀ ੧੦-੧੦ ਤੇ ਵੀਹ-ਵੀਹ ਬੰਦੇ ਵੀ ਉਨ੍ਹਾਂ ਕੋਲੋਂ ਫੱਟੜ ਹੋ ਕੇ ਤੇ ਭੱਜ ਕੇ ਮਸਾਂ ਹੀ ਬਚ ਕੇ ਆਏ ਸੁਣਦੇ ਸਨ ਤਾਂ ਫਿਰ ਉਹ ਚੁੱਪ ਕਰ ਜਾਂਦੇ ਤੇ ਸ਼ਕਾਇਤ ਕਰਨ ਵਾਲੇ ਨੂੰ ਆਖਦੇ, ਭਈ ਲਾਹੌਰ ਜਾਓ ਤੇ ਲਾਹੌਰ ਵਾਲੇ ਤਾਂ ਐਉਂ ਹੋਏ ਪਏ ਸਨ, ਜਿਵੇਂ ਉਹਨਾਂ ਨੂੰ ਕਿਸੇ ਨੇ ਕੀਲਿਆ ਹੁੰਦਾ ਹੈ। ਫ਼ੌਜੀ ਸ਼ੁਕਰ ਮਨਾਂਦੇ ਸਨ ਕਿ ਭੱਜ-ਦੌੜ ਤੋਂ ਕੁਝ ਸਮੇਂ ਲਈ ਛੁੱਟ ਗਏ ਹਨ। ਇਸੇ ਤਰ੍ਹਾਂ ਸਿੰਘਾਂ ਦੇ ਗਲੋਂ ਬਲਾ ਲੱਥੀ ਵਾਲੀ ਗੱਲ ਹੋਈ ਸੀ ਤੇ ਉਹ ਹੁਣ ਫਿਰ ਜੰਗਲਾਂ ਵਿਚ ਸ਼ੇਰਾਂ ਵਾਂਗ ਫਿਰਦੇ ਤੇ ਬਜ਼ਾਰੋਂ ਅਨਾਜ ਆਦਿ ਖੋਹ ਕੇ ਵੀ ਤੇ ਖਰੀਦ ਕੇ ਵੀ ਲੈ

ਜਾਂਦੇ। ਉਹ ਦਿਨ ਜੋ ਜੰਡ ਕਰੀਰਾਂ ਤੇ ਫਲੀਆਂ ਖਾ ਕੇ ਗੁਜ਼ਾਰੇ ਸਨ, ਉਨ੍ਹਾਂ ਲਈ ਕੁਝ ਮਹੀਨਿਆਂ ਤੋਂ ਉਨ੍ਹਾਂ ਨੂੰ ਛੁੱਟੀ ਮਿਲੀ ਹੋਈ ਸੀ।

ਨਾਦਰ ਸ਼ਾਹ ਦੀਆਂ ਲੜਾਈ ਦੀਆਂ ਖਬਰਾਂ ਦੋ ਮਹੀਨੇ ਪਹਿਲੇ ਹੀ ਪੁੱਜਣ ਕਰਕੇ, ਦੋ ਕੁ ਮਹੀਨੇ ਉਸ ਦੇ ਆਉਣ ਤੋਂ ਪਹਿਲਾਂ ਤੇ ਦੋ ਕੁ ਮਹੀਨੇ ਉਹ ਦਿੱਲੀ ਵੱਲ ਲਾ ਕੇ ਹੁਣ ਵਾਪਸ ਪਰਤ ਰਿਹਾ ਸੀ, ਸੋ ਇਉਂ ਚਾਰ ਪੰਜ ਮਹੀਨੇ ਤੋਂ ਇਹ ਹਾਲਤ ਬਣੀ ਹੋਈ ਸੀ।

ਭਾਈ ਬੋਤਾ ਸਿੰਘ ਜੀ ਇਕ ਦਿਨ ਜਦੋਂ ਉਹ ਗਾਹੜੇ ਜੰਗਲ ਵਿਚ ਬੈਠੇ ਸਨ ਤੇ ਸਾਰਾ ਦਿਨ ਨੂਰ ਦੀ ਸਰਾਂ ਕੋਲ ਮਸੂਲ ਉਗਰਾਹੁਣ ਲਈ ਡਟੇ ਰਹੇ ਸਨ, ਵਾਪਸ ਆ ਕੇ ਰਹਰਾਸਿ ਸਾਹਿਬ ਦਾ ਪਾਠ ਕਰ ਕੇ ਜਦ ਆਰਾਮ ਕਰਨ ਲੱਗੇ ਤਾਂ ਬੋਲੇ-

'ਭਾਈ ਗਰਜਾ ਸਿੰਘ ਜੀ!'

'ਹਾਂ ਜੀ, ਕੀ ਗੱਲ ਹੈ?'

'ਸਾਨੂੰ ਪੰਜ ਮਹੀਨੇ ਹੋ ਗਏ ਹਨ, ਪਰ ਅਜੇ ਤਕ ਸਾਨੂੰ ਰੋਕਣ ਜਾਂ ਫੜਨ ਵਾਲਾ ਕੋਈ ਨਹੀਂ ਆਇਆ।'

'ਪਤਾ ਨਹੀਂ ਲੱਗਾ ਹੋਣਾ।'

'ਨਹੀਂ, ਇਹ ਗੱਲ ਨਹੀਂ, ਪਤਾ ਲੱਗ ਚੁਕਾ ਹੈ।

'ਫੇਰ ਹੋਰ ਕੀ ਗੱਲ ਹੈ?'

'ਤੁਸੀਂ ਨਹੀਂ ਸੁਣਿਆ ਨਾਦਰ ਸ਼ਾਹ ਦੁਰਾਨੀ ਆਇਆ ਹੋਇਆ ਹੈ?'

'ਸੁਣਿਆ ਤਾਂ ਹੈ, ਪਰ ਚੰਗੀ ਤਰ੍ਹਾਂ ਸਮਝ ਨਹੀਂ ਆਈ।'

'ਉਹ ਕਾਬਲ ਦਾ ਬਾਦਸ਼ਾਹ ਹੈ।'

'ਫਿਰਨ ਤੁਰਨ ਆਇਆ ਹੈ।' ਭੋਲੇ ਸਿੰਘ ਨੂੰ ਅਜੇ ਤਕ ਕਿਸੇ ਗੱਲ ਦਾ ਪਤਾ ਨਹੀਂ ਸੀ, ਬਹੁਤਾ ਹੀ ਸਾਧਾਰਨ ਸਮਝ ਵਾਲਾ ਸੀ, ਪਰ ਭਾਈ ਬੋਤਾ ਸਿੰਘ ਜੀ ਬਹੁਤ ਸਿਆਣੇ ਤੇ ਕੁਝ ਪੜ੍ਹੇ-ਲਿਖੇ ਵੀ ਸਨ।

ਬਾਣੀ ਦਾ ਪਾਠ ਵੀ ਉੱਚੀ-ਉੱਚੀ ਕਰ ਕੇ ਉਹੀ ਉਸ ਨੂੰ ਸੁਣਾਂਦੇ ਸਨ। ਕਈ ਵਾਰੀ ਜਦ ਕਿਸੇ ਗੁਰਬਾਣੀ ਦੀ ਤੁਕ ਦਾ ਉਸ ਨੂੰ ਪਤਾ ਨਾ ਲੱਗਦਾ ਤਾਂ ਉਸ ਦੇ ਅਰਥ ਵੀ ਭਾਈ ਬੋਤਾ ਸਿੰਘ ਜੀ ਉਸ ਨੂੰ ਸਮਝਾਉਂਦੇ ਸਨ। ਹੋਰ ਭਾਵੇਂ ਉਹ ਕਿੰਨੇ ਹੀ ਸਾਧਾਰਨ ਸਨ, ਪਰ ਸਿੱਖੀ ਸਪਿਰਟ, ਸਿੱਖੀ ਸਿਦਕ ਤੇ ਪ੍ਰੇਮ-ਭਾਵ ਅੱਤ ਦਰਜੇ ਦਾ ਭਾਈ ਗਰਜਾ ਸਿੰਘ ਜੀ ਵਿਚ ਸੀ।

ਜਦੋਂ ਦਾ ਇਨ੍ਹਾਂ ਨੇ ਮੁਗਲ ਹਾਕਮਾਂ ਦੇ ਜ਼ੁਲਮਾਂ ਨੂੰ ਵੇਖਿਆ ਸੀ, ਆਪਣੇ ਨੌਗਰੋਂ ਨਿਕਲ ਆਏ ਸਨ ਤੇ ਨਵਾਬ ਕਪੂਰ ਸਿੰਘ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਸਨ। ਕੁਝ ਸਮਾਂ ਨਵਾਬ ਕਪੂਰ ਸਿੰਘ ਜੀ ਦੇ ਜਥੇ ਵਿਚ ਰਹੇ ਸਨ, ਪਰ ਮਗਰੋਂ ਕਿਸੇ ਹੋਰ ਜਥੇ ਵਿਚ ਰਲ ਗਏ ਤੇ ਅੰਮ੍ਰਿਤਸਰ ਦਰਸ਼ਨ ਕਰਨ ਆਏ ਤੇ ਉਸ ਨਾਲੋਂ ਵਿੱਛੜ ਗਏ ਸਨ। ਇਸੇ ਤਰ੍ਹਾਂ ਹੀ ਭਾਈ ਬੋਤਾ ਸਿੰਘ ਜੀ ਵੀ ਜਥੇ ਨਾਲੋਂ ਵਿੱਛੜ ਕੇ ਇਕੱਲੇ ਰਹਿ ਗਏ ਸਨ, ਪਰ ਕੁਦਰਤ ਨੇ ਇਨ੍ਹਾਂ ਦੋਹਾਂ ਸਿੰਘਾਂ ਨੂੰ ਆਪਸ ਵਿਚ ਮੇਲ ਦਿੱਤਾ ਸੀ।

ਭਾਈ ਬੋਤਾ ਸਿੰਘ ਜੀ, ਭਾਈ ਗਰਜਾ ਸਿੰਘ ਜੀ ਦੀ ਗੱਲ ਸੁਣ ਕੇ ਉਨ੍ਹਾਂ ਦੇ ਭੋਲੇਪਨ ਤੇ ਅਨਜਾਣ-ਪੁਣੇ ਉਤੇ ਹੱਸ ਪਏ। ਉਹ ਇਕ ਸੱਚੇ ਸਾਥੀ ਸਨ ਤੇ ਭਾਈ ਗਰਜਾ ਸਿੰਘ ਜੀ ਨੂੰ ਵੀ ਸੱਚਾ ਸਾਥੀ ਸਮਝਦੇ ਸਨ। ਗੁਰੂ ਕੀ ਸਿੱਖੀ ਦੇ ਨਾਤੇ ਤੇ ਅੰਮ੍ਰਿਤ ਦੇ ਸਾਂਝੇ ਬਾਟੇ ਵਿਚੋਂ ਅੰਮ੍ਰਿਤ ਛਕਣ ਦੇ ਨਾਤੇ ਉਹ ਸਕੇ ਵੀਰਾਂ ਤੋਂ ਵੀ ਵੱਧ ਆਪਣੇ ਪਿਆਰ ਨੂੰ ਸਮਝਦੇ ਸਨ। ਖਾਸ ਕਰਕੇ ਜਦ ਕਿਸੇ ਨਾਲ ਝਗੜਾ ਹੁੰਦਾ ਤੇ ਮਾਰ-ਕੁਟਾਈ ਤਕ ਨੌਬਤ ਪੁੱਜ ਜਾਂਦੀ ਤਾਂ ਦੋਵੇਂ ਹੀ ਇਕ ਦੂਜੇ ਲਈ ਜਾਨ ਵਾਰਨ ਲਈ ਤਿਆਰ ਹੋ ਜਾਂਦੇ ਸਨ ਤੇ ਇਕ ਦੂਜੇ ਦੇ ਅੱਗੇ ਹੋ ਕੇ ਦੂਜੇ ਨੂੰ, ਦੁਸ਼ਮਣ ਨੂੰ ਮਾਰਨ ਤੇ ਲੜਨ ਨੂੰ ਪੈਂਦੇ ਸਨ। ਇਸੇ ਲਈ ਇਹ ਪੰਜਾਂ, ਦਸਾਂ, ਵੀਹਾਂ ਤੇ ਤੀਹਾਂ ਤਕ ਦੀ ਪ੍ਰਵਾਹ ਨਹੀਂ ਸਨ ਕਰਦੇ ਤੇ ਏਨੇ

ਦਲੇਰ ਸਨ ਕਿ ਸੋਟਿਆਂ ਨਾਲ ਹੀ ਵਾਰ ਰੋਕ ਕੇ ਦੂਜਿਆਂ ਦੀਆਂ ਤਲਵਾਰਾਂ ਤੇ ਬੰਦੂਕਾਂ ਖੋਹ ਲੈਂਦੇ ਸਨ। ਕਈ ਵਾਰੀ ਉਹਨਾਂ ਘੋੜੇ ਤੇ ਲੋੜਵੰਦਾਂ ਨੂੰ ਦੇ ਦਿੱਤੇ ਸਨ। ਇਹ ਨਹੀਂ ਕਿ ਮਸੂਲ ਉਗਰਾਂਹਦੇ ਸਨ, ਉਹ ਇਕੱਲੇ ਹੀ ਨਹੀਂ ਖਾ ਜਾਂਦੇ ਸਨ। ਸਗੋਂ ਆਏ ਗਏ ਕਈ ਲੋੜਵੰਦਾਂ ਨੂੰ ਦੇ ਦੇਂਦੇ ਤੇ ਅਸੀਸਾਂ ਪ੍ਰਾਪਤ ਕਰ ਲੈਂਦੇ ਸਨ। ਸੋ ਇਸ ਤਰ੍ਹਾਂ ਨਾਲ ਇਹ ਦੋਵੇਂ ਸੱਕੇ ਵੀਰਾਂ ਨਾਲੋਂ ਵੀ ਵੱਧ ਬਣੇ ਹੋਏ ਸਿੰਘ, ਨੂਰ ਦੀ ਸਰਾਂ ਲਾਗੇ ਆਪਣੇ ਸਿੰਘਊ-ਪੁਣੇ ਦੇ ਜੌਹਰ ਵਿਖਾ ਰਹੇ ਸਨ।

ਗੱਲਾਂਬਾਤਾਂ ਕਰਦੇ ਜਦੋਂ ਭਾਈ ਗਰਜਾ ਸਿੰਘ ਜੀ ਨੇ ਨਾਦਰ ਸ਼ਾਹ ਬਾਰੇ ਪੁੱਛਿਆ ਸੀ ਕਿ 'ਕੀ ਫਿਰ ਉਹ ਤੁਰਨ ਫਿਰਨ ਆਇਆ ਹੈ?' ਤਾਂ ਭਾਈ ਬੋਤਾ ਸਿੰਘ ਜੀ ਨੇ ਹੱਸ ਕੇ ਕਿਹਾ, 'ਉਹ ਫਿਰਨ ਤੁਰਨ ਨਹੀਂ ਆਇਆ, ਮੱਲਾਂ ਮਾਰਨ ਤੇ ਲੁੱਟਾਂ ਲੁੱਟਣ ਆਇਆ ਹੈ।' ਇਹ ਖਾਨ ਬਹਾਦਰ ਵਰਗੇ ਆਕੜ ਖਾਂ ਤੇ ਸਿੰਘਾਂ ਦੇ ਮਗਰ ਪਏ ਨੂੰ ਹੁਣ ਹੱਥਾਂ ਪੈਰਾਂ ਦੀ ਪਈ ਹੋਈ ਹੈ ਤੇ ਉਸ ਅੱਗੇ ਹੱਥ ਜੋੜ ਕੇ ਜਾਨ ਛੁਡਾਈ ਸਾ ਸੂ, ਪਰ ਹੁਣ ਉਹ ਦਿੱਲੀ ਦੇ ਪਾਤਸ਼ਾਹ ਨੂੰ ਲੁੱਟ ਕੇ ਤੇ ਕਤਲੋ-ਗਾਰਤ ਕਰ ਕੇ ਲੱਖਾਂ ਆਦਮੀਆਂ ਨੂੰ ਮਾਰ ਕੇ ਵਾਪਸ ਆ ਰਿਹਾ ਹੈ। ਉਸ ਨੇ ੫੦-੬੦ ਹਜ਼ਾਰ ਮੁੰਡੇ ਕੁੜੀਆਂ ਵੀ ਇਥੋਂ ਦੇ ਫੜੇ ਹੋਏ ਹਨ ਤੇ ਉਹ ਜ਼ਬਰਦਸਤੀ ਕੈਦ ਕਰਕੇ ਬੰਨ੍ਹ ਕੇ ਉਹਨਾਂ ਨੂੰ ਨਾਲ ਲੈ ਜਾ ਰਿਹਾ ਹੈ।'

'ਤੇ ਉਹਨਾਂ ਨੂੰ ਛੁਡਾਉਂਦਾ ਕੋਈ ਨਹੀਂ?' ਭੋਲੇ ਸਿੰਘ ਨੇ ਫਿਰ ਭੋਲੀ ਗੱਲ ਕਰ ਦਿੱਤੀ।

'ਵਾਹ ਭਾਈ ਗਰਜਾ ਸਿੰਘ ਜੀ, ਤੁਸੀਂ ਸਮਝੇ ਹੀ ਨਹੀਂ। ਨਾਦਰ ਸ਼ਾਹ ਤਾਂ ਬੜੀਆਂ ਤਾਕਤਾਂ ਵਾਲਾ ਹੈ। ਡੇਢ ਲੱਖ ਉਸ ਦੇ ਕੋਲ ਉਹ ਫ਼ੌਜ ਹੈ, ਜਿਸ ਨੂੰ ਵੇਖ ਕੇ ਡਰ ਹੀ ਡਰ ਲੱਗਦਾ ਹੈ। ਉਚੇ ਲੰਮੇ ਦੁਰਾਨੀ ਤੇ ਅਬਦਾਲੀ ਜੋ ਕੱਲਾ ਕੱਲਾ ਦੁੰਬਾ ਖਾ ਜਾਂਦੇ ਹਨ, ਉਹਨਾਂ ਅੱਗੇ

ਇਹਨਾਂ ਸਾਡੇ ਮੁਗਲ ਫੌਜੀਆਂ ਦੀ ਕੀ ਤਾਕਤ ਹੈ। ਖਾਨ ਬਹਾਦਰ ਨੇ ਲੱਖਾਂ ਰੁਪਏ ਨਜ਼ਰਾਨਾ ਦੇ ਕੇ ਬਚਾਅ ਕੀਤਾ ਹੈ ਤੇ ਇਕੱਲੇ ਦਿੱਲੀ ਵਿਚ ਹੀ ਇਕ ਲੱਖ ਤੇ ਕਈ ਹਜ਼ਾਰ ਆਦਮੀ ਇਸ ਨਾਦਰ ਸ਼ਾਹ ਨੇ ਇੱਕੋ ਦਿਨ ਵਿਚ ਕਤਲ ਕਰ ਦਿੱਤੇ ਸਨ ਤੇ ਉਥੇ ਜੇ ਰੋਕਣ ਵਾਲਾ ਕੋਈ ਨਹੀਂ ਤਾਂ ਇਥੇ ਉਸ ਜਰਵਾਣੇ ਨੂੰ ਕੌਣ ਰੋਕ ਸਕਦਾ ਹੈ? ਹਾਂ ਸਿੰਘਾਂ ਨੂੰ ਜੇ ਪਤਾ ਲੱਗ ਗਿਆ ਤਾਂ ਉਹ ਉਸ ਨੂੰ ਸੁੱਕਾ ਨਹੀਂ ਜਾਣ ਦੇਣ ਲੱਗੇ।'

ਫਿਰ ਅਸੀਂ ਨਾ ਉਸ ਨੂੰ ਚਲ ਕੇ ਟੱਕਰੀਏ?' ਭੋਲੇ ਤੇ ਨਿਡਰ ਭਾਈ ਗਰਜਾ ਸਿੰਘ ਜੀ ਨੇ ਫਿਰ ਇਕ ਵਾਰ ਭੋਲੇਪਨ ਦਾ ਪ੍ਰਗਟਾਵਾ ਕਰ ਦਿੱਤਾ।

'ਭਾਈ ਗਰਜਾ ਸਿੰਘ ਜੀ, ਖਿਆਲ ਤਾਂ ਤੁਹਾਡਾ ਠੀਕ ਹੈ, ਜ਼ਾਬਰ ਦਾ ਟਾਕਰਾ ਕਰਨਾ ਹੀ ਵੱਡੀ ਸੂਰਮਤਾਈ ਤੇ ਧਰਮ ਹੈ। ਪਰ ਜੇ ਅਸੀਂ ਸਿੰਘ ਜਥਿਆਂ ਦੇ ਨਾਲ ਹੁੰਦੇ ਤਾਂ ਕਦੇ ਘੱਟ ਨਾ ਕਰਦੇ ਤੇ ਇਸ ਦਾ ਟਾਕਰਾ ਕਰਦੇ, ਪਰ ਹੁਣ ਇਥੇ ਹੀ ਠੀਕ ਹਾਂ। ਸਾਡੇ 'ਤੇ ਜ਼ਬਰ ਕਰਨ ਵਾਲੇ ਨੂੰ ਅੱਗੋਂ ਜ਼ਾਬਰ ਟੱਕਰ ਗਿਆ, ਇਸੇ ਲਈ ਅਜੇ ਤਕ ਸਾਡੇ ਵੱਲ ਕੋਈ ਨਹੀਂ ਆਇਆ।

'ਨਹੀਂ ਆਇਆ ਤਾਂ ਮੰਗਵਾ ਲਵੋ, ਕਈ ਮਹੀਨੇ ਹੋ ਗਏ ਹਨ, ਕੀ ਅਜੇ ਤਕ ਹਾਕਮਾਂ ਨੂੰ ਪਤਾ ਨਹੀਂ ਲੱਗਾ?'

'ਪਤਾ ਤਾਂ ਲੱਗ ਗਿਆ ਹੋਣਾ ਹੈ, ਪਰ ਉਹਨਾਂ ਨੂੰ ਆਪਣੀ ਪਈ ਹੋਈ ਹੈ।

'ਫਿਰ?'

'ਫਿਰ ਸੂਬੇ ਨੂੰ ਸੁਨੇਹਾ ਭੇਜੀਏ?'

'ਭੇਜਣਾ ਚਾਹੀਦਾ ਹੈ ਕਿ ਮੈਂ ਕਿਉਂ ਗਿਆ ਹਾਂ?

'ਆਹੋ, ਅੱਗੇ ਤਾਂ ਉਹ ਸਿੰਘਾਂ ਨੂੰ ਲੱਭਦਾ ਫਿਰਦਾ ਸੀ, ਚੁਗਲਾਂ ਨੂੰ, ਸਿੰਘਾਂ ਨੂੰ ਫੜਾਉਣ ਵਾਲਿਆਂ ਨੂੰ ਇਨਾਮ ਦਿੰਦਾ ਸੀ, ਪਰ ਹੁਣ ਅਸੀਂ

ਕਈ ਮਹੀਨਿਆਂ ਦੇ ਮਸੂਲ ਉਗ੍ਰਾਹ ਰਹੇ ਹਾਂ, ਕਈਆਂ ਨਾਲ ਸਾਡੀ ਲੜਾਈ ਵੀ ਹੋਈ ਹੈ ਤੇ ਅਸੀਂ ਸਭ ਨੂੰ ਆਖ ਰਹੇ ਹਾਂ ਕਿ ਇਹ ਮਸੂਲ ਗੁਰੂ ਕੇ ਸਿੰਘ ਉਗਰਾਹ ਰਹੇ ਹਨ, ਫਿਰ ਵੀ ਸਾਡੇ ਵੱਲ ਕੋਈ ਨਹੀਂ ਆਇਆ।'

'ਫਿਰ ਸੁਨੇਹਾ ਭੇਜੀਏ?'

'ਹਾਂ, ਭੇਜ, ਤੇ ਜ਼ਰਾ ਉਸ ਨੂੰ ਟਕੋਰਾਂ ਵੀ ਲਾਓ।'

'ਠੀਕ ਹੈ, ਅੱਜ ਹੀ ਭੇਜਦੇ ਹਾਂ।' ਭਾਈ ਬੋਤਾ ਸਿੰਘ ਜੀ ਬੋਲੇ।

ਉਹਨਾਂ ਦਿਨਾਂ ਵਿਚ ਸਰਕਾਰੀ ਲਿਖਾ-ਪੜ੍ਹੀ ਫ਼ਾਰਸੀ ਵਿਚ ਹੁੰਦੀ ਸੀ। ਭਾਈ ਬੋਤਾ ਸਿੰਘ ਜੀ ਫ਼ਾਰਸੀ ਨਹੀਂ ਸਨ ਜਾਣਦੇ, ਇਸ ਲਈ ਕੀ ਕਰਦੇ? ਭਾਈ ਗਰਜਾ ਸਿੰਘ ਨੂੰ ਕਹਿਣ ਲੱਗੇ 'ਭਾਈ ਗਰਜਾ ਸਿੰਘ ਜੀ, ਅੱਜ ਏਸ ਤਰ੍ਹਾਂ ਕਰੀਏ।'

'ਕੀ?'

'ਕਿਸੇ ਫ਼ਾਰਸੀ ਪੜ੍ਹੇ-ਲਿਖੇ ਨੂੰ ਫੜੀਏ।'

'ਫੇਰ?'

ਉਸ ਕੋਲੋਂ ਡੰਡੇ ਦੇ ਜ਼ੋਰ ਨਾਲ ਖਾਨ ਬਹਾਦਰ ਵੱਲ ਚਿੱਠੀ ਲਿਖਵਾਈਏ ਤੇ ਉਸ ਦੀ ਕਿਸੇ ਚੀਜ਼ ਨੂੰ ਕਾਬੂ ਕਰ ਕੇ ਕਹੀਏ ਕਿ ਇਹ ਤੈਨੂੰ ਵਾਪਸ ਮੋੜ ਦਿਆਂਗੇ, ਜੇ ਤੂੰ ਸਾਡਾ ਸੁਨੇਹਾ, ਲਾਹੌਰ ਖਾਨ ਬਹਾਦਰ ਨੂੰ ਪੁਚਾ ਦੇਵੇਂ।

'ਇਹ ਗੱਲ ਤੁਹਾਡੀ ਠੀਕ ਹੈ।'

'ਚੰਗਾ ਆਓ, ਅੱਜ ਇਹੋ ਕੰਮ ਹੀ ਕਰੀਏ।'

ਦੋਵੇਂ ਬੀਰ ਬਹਾਦਰ ਸਿੰਘ ਇਹ ਮਤਾ ਪਕਾ ਕੇ ਸੜਕ 'ਤੇ ਆ ਗਏ, ਤੇ ਕਿਸੇ ਪੜ੍ਹੇ-ਲਿਖੇ ਦੀ ਉਡੀਕ ਕਰਨ ਲੱਗੇ। ਏਨੇ ਨੂੰ ਉਹਨਾਂ ਵੇਖਿਆ ਕਿ ਤਰਨ ਤਾਰਨ ਸਾਹਿਬ ਵੱਲੋਂ ਇਕ ਮੌਲਵੀ ਤੇ ਉਸ ਦੇ ਨਾਲ ਦੋ ਕੁ ਜਣੇ ਹੋਰ ਆ ਰਹੇ ਸਨ। ਇਹ ਪੈਦਲ ਸਨ ਤੇ ਇਹਨਾਂ

ਝਬਾਲ ਜਾਣਾ ਸੀ।

'ਠਹਿਰੋ, ਮਸੂਲ ਦੇ ਕੇ ਅੱਗੇ ਜਾਣਾ।' ਦੋਵੇਂ ਸਿੰਘ ਸਲੋਤਰੇ ਲੈ ਕੇ ਰਸਤੇ ਵਿਚ ਖਲੋ ਗਏ।

'ਸਾਡੇ ਕੋਲ ਤਾਂ ਮਸੂਲ ਵਾਲੀ ਕੋਈ ਚੀਜ਼ ਨਹੀਂ।'

'ਹੈ ਕਿਉਂ ਨਹੀਂ, ਔਹ ਜੋ ਹੱਥ ਵਿਚ ਗਠੜੀ ਤੇ ਮੋਢੇ 'ਤੇ ਕੱਪੜਾ ਰੱਖਿਆ ਹੋਇਆ ਈ, ਇਹ ਚੀਜ਼ ਨਹੀਂ?'

'ਇਹ ਚੀਜ਼ ਤਾਂ ਹੈ, ਪਰ ਮਸੂਲ ਵਾਲੀ ਤਾਂ ਨਹੀਂ।'

'ਨਹੀਂ, ਅਸੀਂ ਇਹ ਗੱਲ ਨਹੀਂ ਜਾਣਦੇ। ਅਸਾਂ ਮਸੂਲ ਲੈਣਾ ਹੈ।'

'ਕੀ ਮਸੂਲ ਹੈ?'

'ਅਸਾਂ ਇਕ ਚਿੱਠੀ ਲਿਖਾਣੀ ਹੈ।'

'ਕਿਸ ਨੂੰ?'

'ਸੂਬੇ ਖਾਨ ਬਹਾਦਰ ਨੂੰ।'

'ਸੂਬੇ ਖਾਨ ਬਹਾਦਰ ਨੂੰ? ਕੀ ਲਿਖਣਾ ਹੈ?'

'ਪਹਿਲੇ ਇਹ ਗਠੜੀ ਤੇ ਕੱਪੜਾ ਇਥੇ ਰੱਖੋ, ਫਿਰ ਦੱਸਾਂਗੇ।' ਇਹ ਕਹਿ ਕੇ ਭਾਈ ਬੋਤਾ ਸਿੰਘ ਨੇ ਗਠੜੀ ਖੋਹ ਲਈ ਤੇ ਗਰਜਾ ਸਿੰਘ ਨੇ ਉਸ ਦੇ ਮੋਢੇ ਤੋਂ ਕੱਪੜਾ, ਜੋ ਚੰਗਾ ਕੀਮਤੀ ਸੀ, ਉਤਾਰ ਲਿਆ। ਉਸ ਦੀ ਗਠੜੀ ਵਿਚ ਕਈ ਕੀਮਤੀ ਕੱਪੜੇ ਸਨ। ਭਾਵੇਂ ਉਸ ਦੇ ਨਾਲ ਦੋ ਆਦਮੀ ਸਨ, ਪਰ ਸਿੰਘਾਂ ਦੇ ਚਿਹਰੇ 'ਤੇ ਆਏ ਗੁੱਸੇ ਤੇ ਰੋਹ ਨੇ ਉਹਨਾਂ ਨੂੰ ਬੋਲਣ ਨਾ ਦਿੱਤਾ। ਸੋਟੇ ਵੀ ਘੱਟੋ-ਘੱਟ ੧੦-੧੦, ੧੫-੧੫ ਸੇਰ ਦੇ ਸਨ, ਭਾਵੇਂ ਅਣਘੜੇ ਹੀ ਸਨ। ਪਰ ਉਹਨਾਂ ਦੇ ਹੱਥ ਵਿਚ ਫੜੇ, ਉਹ ਭੀਮਸੈਨ ਦੇ ਗੁਰਜ ਵਾਂਗ ਸਨ, ਉਹ ਮੋਢਿਆਂ 'ਤੇ ਸਿੰਘਾਂ ਨੇ ਰੱਖੇ ਹੋਏ ਸਨ।

ਮੌਲਵੀ ਨੇ ਵੇਖਿਆ ਕਿ ਉਸ ਦੇ ਸਾਥੀ ਵੀ ਡਰਾਕਲ ਸਨ, ਤੇ ਇਨ੍ਹਾਂ ਮੇਰੀ ਮਦਦ ਨਹੀਂ ਕਰ ਸਕਣੀ। ਇਹਨਾਂ ਬਾਰੇ ਕਈ ਵਾਰੀ ਅੱਗੇ

ਸੁਣ ਚੁਕਿਆ ਹੈ ਕਿ ਦੋ ਸਿੰਘ ਸੜਕ 'ਤੇ ਮਸੂਲ ਉਗਰਾਹੁੰਦੇ ਹਨ, ਪਰ ਅਸਾਂ ਗੱਪ ਹੀ ਸਮਝੀ ਤੇ ਯਕੀਨ ਨਹੀਂ ਸੀ ਕੀਤਾ। ਪਰ ਹੁਣ ਤਾਂ ਪ੍ਰਤੱਖ ਦੇਖ ਲਏ ਹਨ। ਇਹ ਸਿੰਘ ਹੀ ਹਨ, ਹੋਰ ਕਿਸੇ ਵਿਚ ਇਸ ਤਰ੍ਹਾਂ ਕਰਨ ਦੀ ਹਿੰਮਤ ਤੇ ਹੌਸਲਾ ਨਹੀਂ ਹੋ ਸਕਦਾ। ਅੱਖ ਫਰਕਣ ਜਿੰਨੇ ਸਮੇਂ ਵਿਚ ਹੀ ਉਸ ਨੇ ਇਹ ਸਭ ਕੁਝ ਸਮਝ ਲਿਆ।

ਭਾਈ ਬੋਤਾ ਸਿੰਘ ਜੀ ਬੋਲੇ-ਮੌਲਵੀ ਜੀ, ਘਬਰਾਓ ਨਾ, ਅਸੀਂ ਭਾਵੇਂ ਸਿੰਘ ਹਾਂ, ਪਰ ਤੁਹਾਨੂੰ ਕੁਝ ਨਹੀਂ ਕਹਾਂਗੇ, ਜੇ ਤੁਸੀਂ ਸਾਨੂੰ ਚਿੱਠੀ ਲਿਖ ਦਿਓ।'

'ਸਿੰਘ ਜੀ, ਇਹ ਕੋਈ ਮਸੂਲ ਵਾਲੀ ਗੱਲ ਥੋੜ੍ਹੀ ਹੈ? ਇਹ ਤਾਂ ਕੰਮ ਹੈ।

ਅਸੀਂ ਕੰਮ ਨੂੰ ਹੀ ਮਸੂਲ ਸਮਝਦੇ ਹਾਂ, ਤੇ ਇਹ ਬੜਾ ਜ਼ਰੂਰੀ ਮਸੂਲ ਹੈ।'

ਜ਼ਰੂਰੀ ਕਿਵੇਂ ਹੈ?'

ਅਸੀਂ ਫ਼ਾਰਸੀ ਨਹੀਂ ਜਾਣਦੇ, ਤੇ ਤੁਸੀਂ ਜਾਣਦੇ ਹੋ। ਕਿਉਂਕਿ ਸੂਬੇ ਖਾਨ ਬਹਾਦਰ ਕੋਲ ਮੁਨਸ਼ੀ ਆਦਿ ਜੋ ਵੀ ਹਨ, ਸਭ ਫ਼ਾਰਸੀ ਵਿਚ ਹੀ ਲਿਖਾ-ਪੜ੍ਹੀ ਕਰਨ ਵਾਲੇ ਹਨ, ਤੇ ਇਹ ਚਿੱਠੀ ਉਸ ਨੂੰ ਭੇਜਣੀ ਹੈ।'

'ਕਿਸ ਵਾਸਤੇ?'

ਸਾਨੂੰ ਪੰਜ ਮਹੀਨੇ ਹੋ ਗਏ ਹਨ, ਸ਼ਾਹੀ ਸੜਕ 'ਤੇ ਮਸੂਲ ਉਗਰਾਹੁੰਦਿਆਂ ਤੇ ਉਸ ਨੂੰ ਪਤਾ ਨਹੀਂ ਲੱਗਾ। ਅੱਗੇ ਕਈ ਚੁਗਲ ਤੇ ਚੌਧਰੀ, ਨੰਬਰਦਾਰ ਸਿੰਘਾਂ ਨੂੰ ਫੜਨ ਤੇ ਫੜਵਾਣ ਲਈ ਸਿੰਘਾਂ ਦੇ ਮਗਰ ਮਗਰ ਤੁਰੇ ਫਿਰਦੇ ਸਨ, ਪਰ ਹੁਣ ਇਸ ਖਾਨੂੰ ਦੇ ਦੁਸ਼ਮਣ ਬਣ ਕੇ ਸ਼ਾਹੀ ਸੜਕ 'ਤੇ ਮਸੂਲ ਉਗਰਾਹ ਰਹੇ ਹਾਂ, ਤੇ ਇਸ ਨੇ ਹੁਣ ਸਾਨੂੰ ਵਿਸਾਰ ਹੀ ਦਿੱਤਾ ਹੈ।'

'ਓਏ ਸਿੰਘਾ, ਸ਼ੁਕਰ ਕਰੋ, ਤੁਹਾਨੂੰ ਚਾਰ ਦਿਨ ਸੁਖ ਦੇ ਮਿਲ ਗਏ

ਹਨ, ਤੇ ਫਿਰ ਵੀ ਇਸ ਤਰ੍ਹਾਂ ਕਰਦੇ ਹੋ?'

'ਓਏ, ਅਸਾਂ ਤਾਂ ਦੱਸਣਾ ਹੈ ਕਿ ਇਹ ਜੋ ਆਖਦਾ ਹੈ ਕਿ ਸਿੰਘ ਪੰਜਾਬ ਵਿਚ ਰਹੇ ਹੀ ਨਹੀਂ, ਇਹ ਝੂਠ ਬੋਲਦਾ ਹੈ। ਅੱਗੇ ਤਾਂ ਚੁਗਲਾਂ ਤੇ ਚੌਧਰੀਆਂ ਤੇ ਨੰਬਰਦਾਰਾਂ ਨੂੰ ਇਨਾਮ ਦਿੰਦਾ ਸੀ ਕਿ ਕਿਸੇ ਸਿੰਘ ਨੂੰ ਕਈ ਫੜਾਵੇ, ਪਰ ਹੁਣ ਅਸੀਂ ਤਾਂ ਸਭ ਦੇ ਸਾਹਮਣੇ ਹਾਂ, ਬੜਿਆਂ ਨੂੰ ਸੁਨੇਹੇ ਵੀ ਦਿੱਤੇ ਹਨ, ਪਰ ਪਤਾ ਨਹੀਂ ਸੂਬੇ ਖਾਨ ਬਹਾਦਰ ਨੂੰ ਕੋਈ ਸੁਨੇਹਾ ਹੀ ਨਹੀਂ ਪਹੁੰਚਦਾ ਜਾਂ ਅਸੀਂ ਹੀ ਉਸ ਨੂੰ ਭੁੱਲ ਗਏ ਹਾਂ।

'ਓ ਸਿੰਘ ਜੀ, ਤੁਸੀਂ ਉਸ ਨੂੰ ਭੁੱਲੇ ਨਹੀਂ, ਉਸ ਨੂੰ ਸਿੰਘ ਯਾਦ ਹਨ। ਪਰ ਹੁਣ ਕੀ ਕਰੇ? ਉਹ ਵੀ ਨਾਦਰ ਸ਼ਾਹ ਵੱਲੋਂ ਮਜਬੂਰ ਹੈ। ਉਸ ਨੂੰ ਤਾਂ ਹੁਣ ਆਪਣਾ ਫਿਕਰ ਹੈ, ਤੁਹਾਡਾ ਕੀ ਕਰੇ?

'ਅੱਛਾ ਚਿੱਠੀ ਲਿਖੋ ਤੇ ਫਿਰ ਸੂਬੇ ਤਕ ਪਹੁੰਚਾਣੀ ਜੇ, ਇਹੋ ਸਾਡਾ ਕੰਮ ਹੈ।'

ਮੌਲਵੀ ਬਹਿ ਗਿਆ। ਸਿੰਘਾਂ ਨੇ ਜਿਵੇਂ-ਜਿਵੇਂ ਕਿਹਾ, ਉਹ ਲਿਖੀ ਗਿਆ। ਚਿੱਠੀ ਲਿਖਾਣ ਮਗਰੋਂ ਭਾਈ ਬੋਤਾ ਸਿੰਘ ਬੋਲੇ, 'ਬਸ, ਇਹ ਚਿੱਠੀ ਸੂਬੇ ਖਾਨ ਬਹਾਦਰ ਨੂੰ ਪੁਚਾ ਦਿਓ ਤੇ ਫਿਰ ਇਹ ਗਠੜੀ ਤੇ ਕੱਪੜਾ ਲੈ ਜਾਣਾ।'

'ਨਹੀਂ, ਸਿੰਘ ਜੀ, ਯਕੀਨ ਕਰੋ, ਇਹ ਚਿੱਠੀ ਅਸੀਂ ਲਾਹੌਰ ਪੁਚਾ ਦਿਆਂਗੇ।'

'ਅੱਗੇ ਅਸਾਂ ਕਈਆਂ ਨੂੰ ਕਿਹਾ ਹੈ, ਪਰ ਕਿਸੇ ਨੇ ਸਾਡਾ ਸੁਨੇਹਾ ਨਹੀਂ ਪੁਚਾਇਆ, ਇਸ ਲਈ ਤੁਹਾਡਾ ਕੀ ਯਕੀਨ ਹੈ ਕਿ ਪਹੁੰਚਾਓਗੇ ਕਿ ਨਹੀਂ।'

'ਨਹੀਂ, ਖੁਦਾ ਦੀ ਕਸਮ, ਜ਼ਰੂਰ ਪਹੁੰਚਾਵਾਂਗੇ। ਪਰ ਜੇ ਸੁਨੇਹਾ ਪਹੁੰਚਣ 'ਤੇ ਵੀ ਖਾਨ ਬਹਾਦਰ ਚੁੱਪ ਰਹੇ ਤਾਂ ਇਹ ਉਸ ਦੀ ਮਰਜ਼ੀ ਹੈ, ਪਰ ਅਸੀਂ ਉਸ ਤਕ ਜ਼ਰੂਰ ਪੁਚਾ ਦਿਆਂਗੇ।'

'ਕਿਉਂ ਭਾਈ ਗਰਜਾ ਸਿੰਘ ਜੀ, ਕੀ ਸਲਾਹ ਹੈ?'

ਅਸੀਂ ਯਕੀਨ ਕਿਵੇਂ ਕਰੀਏ, ਮਨ ਨਹੀਂ ਮੰਨਦਾ।'

'ਓ ਸਿੰਘ ਜੀ, ਤੁਸੀਂ ਸੱਚ ਜਾਣੋ, ਤੁਹਾਡਾ ਸੁਨੇਹਾ ਅਸੀਂ ਜ਼ਰੂਰ ਪਹੁੰਚਾਵਾਂਗੇ। ਮੇਰਾ ਖਿਆਲ ਹੈ ਕਿ ਤੁਹਾਡੇ ਸੁਨੇਹੇ ਅੱਗੇ ਵੀ ਉਸ ਨੂੰ ਜ਼ਰੂਰ ਪੁੱਜੇ ਹੋਣਗੇ, ਪਰ ਉਹ ਨਾਦਰ ਤੋਂ ਡਰਦਾ ਅਜੇ ਕੁਝ ਨਹੀਂ ਕਰ ਰਿਹਾ। ਬਾਕੀ ਸੱਚ ਜਾਣੋ, ਅਸੀਂ ਤੁਹਾਡਾ ਸੁਨੇਹਾ ਜ਼ਰੂਰ ਪਹੁੰਚਾ ਦਿਆਂਗੇ।

'ਚੰਗਾ ਫੇਰ, ਭਾਈ ਬੋਤਾ ਸਿੰਘ ਜੀ, ਇਸ 'ਤੇ ਭਰੋਸਾ ਕਰ ਹੀ ਲਈਏ।' ਭਾਈ ਗਰਜਾ ਸਿੰਘ ਜੀ ਬੋਲੇ।

'ਚੰਗਾ ਫੇਰ, ਇਸ ਦੀ ਗਠੜੀ ਤੇ ਕੱਪੜਾ ਇਸ ਨੂੰ ਦੇ ਦਿਓ।' ਭਾਈ ਬੋਤਾ ਸਿੰਘ ਜੀ ਨੇ ਹਾਂ ਕਰ ਦਿੱਤੀ।

'ਪਰ ਮੌਲਵੀ ਜੀ, ਵੇਖਣਾ, ਵਾਹਿਦਾ-ਸ਼ਿਕਨੀ ਨਾ ਕਰਨੀ, ਅਸੀਂ ਫੇਰ ਸਿੰਘ ਜੇ! ਏਸ ਰਸਤੇ ਫਿਰ ਵੀ ਕਦੇ ਨਾ ਕਦੇ ਤੁਹਾਡਾ ਮੇਲ ਹੋ ਹੀ ਜਾਣਾ ਹੈ।' ਭਾਈ ਗਰਜਾ ਸਿੰਘ ਜੀ ਨੇ ਮੌਲਵੀ ਨੂੰ ਫਿਰ ਤਾਕੀਦ ਕੀਤੀ।

'ਨਹੀਂ, ਸਿੰਘ ਜੀ, ਅਸੀਂ ਜ਼ਰੂਰ ਸੁਨੇਹਾ ਪਹੁੰਚਾਵਾਂਗੇ।' ਇਹ ਕਹਿ ਕੇ ਉਸ ਨੇ ਗਠੜੀ ਚੁੱਕ ਲਈ ਤੇ ਕੱਪੜਾ ਮੋਢੇ 'ਤੇ ਰੱਖਿਆ ਤੇ ਸਿੰਘਾਂ ਦਾ ਇਸ ਰਹਿਮ ਬਦਲੇ ਸ਼ੁਕਰੀਆ ਅਦਾ ਕਰ ਕੇ ਝਬਾਲ ਵੱਲ ਆਪਣੇ ਸਾਥੀਆਂ ਸਮੇਤ ਤੁਰ ਪਿਆ।

****

੧੧.

ਲਾਹੌਰ ਸ਼ਹਿਰ ਬਿਆਸਾ ਦਰਿਆ ਤੋਂ ੬੦-੬੨ ਮੀਲ ਦੂਰ ਸੀ। ਦੋ ਤਿੰਨ ਪੜਾਅ ਰਸਤੇ ਵਿਚ ਕਰ ਕੇ ਨਾਦਰ ਸ਼ਾਹ ਆਪਣੇ ਸਾਰੇ ਲਸ਼ਕਰ ਦੇ ਅੱਗੇ ਜਾ ਕੇ ਲਾਹੌਰ ਕਿਲ੍ਹੇ ਵਿਚ ਜਾ ਪੁੱਜਾ। ਸੂਬਾ ਖਾਨ ਬਹਾਦਰ ਅੱਗਲਵਾਂਢੀ ਆਇਆ ਤੇ ਬੜੇ ਅਦਬ-ਅਦਾਬ ਤੇ ਸਤਿਕਾਰ ਸਹਿਤ ਨਾਦਰਸ਼ਾਹ ਨੂੰ ਕਿਲ੍ਹੇ ਵਿਚ ਲੈ ਗਿਆ।

ਕਿਲ੍ਹੇ ਦੇ ਇਕ ਖ਼ਾਸ ਕਮਰੇ ਵਿਚ ਬਾਦਸ਼ਾਹ ਨੇ ਨਾਦਰ ਸ਼ਾਹ ਨੂੰ ਉਤਾਰਾ ਦਿੱਤਾ। ਇਕ ਅੱਧਾ ਦਿਨ ਆਰਾਮ ਕਰਨ ਤੋਂ ਬਾਅਦ ਜਦ ਸੂਬਾ ਖਾਨ ਬਹਾਦਰ ਉਸ ਨੂੰ ਮਿਲਣ ਲਈ ਉਸ ਪਾਸ ਪੁੱਜਾ ਤਾਂ ਨਾਦਰ ਸ਼ਾਹ ਨੇ ਉਸ ਨੂੰ ਪੁੱਛਿਆ, ਇਕ ਗੱਲ ਤੈਥੋਂ ਪੁੱਛਣੀ ਹੈ।'

'ਹੁਕਮ ਕਰੋ, ਜਨਾਬ!'

'ਇਹ ਦੱਸੋ ਕਿ ਇਹ ਜੋ ਦਿੱਲੀ ਤੋਂ ਆਉਂਦੇ ਮੈਨੂੰ ਰਸਤੇ ਵਿਚ ਲੁੱਟਦੇ ਰਹੇ ਹਨ, ਇਹ ਕੌਣ ਹਨ, ਕਿੱਥੇ ਰਹਿੰਦੇ ਹਨ?' ਨਾਦਰ ਸ਼ਾਹ ਨੇ ਪੁੱਛਿਆ।

'ਇਹ ਸਿੱਖ ਲੋਗ ਹਨ।' ਖਾਂ ਨੇ ਉੱਤਰ ਦਿੱਤਾ।

'ਕਿੱਥੇ ਰਹਿੰਦੇ ਹਨ?' ਨਾਦਰ ਨੇ ਕਿਹਾ।

'ਇਹ ਕਿਤੇ ਵੀ ਨਹੀਂ ਰਹਿੰਦੇ।'

'ਇਹ ਕੀ ਗੱਲ ਹੋਈ?' ਨਾਦਰ ਸ਼ਾਹ ਨੇ ਹੈਰਾਨੀ ਨਾਲ ਪੁੱਛਿਆ।

'ਇਹ ਜੰਗਲਾਂ ਵਿਚ ਰਹਿੰਦੇ ਹਨ, ਪਰ ਕਿਸੇ ਇਕ ਜੰਗਲ ਵਿਚ ਨਹੀਂ, ਸਭ ਜੰਗਲਾਂ ਵਿਚ ਹਨ।'

'ਕੀ ਮਤਲਬ? ਇਹਨਾਂ ਦੀ ਗਿਣਤੀ ਬਹੁਤ ਵਧੇਰੇ ਹੈ ਕਿ ਸਭ ਜੰਗਲਾਂ ਵਿਚ ਹਨ?'

'ਨਹੀਂ, ਗਿਣਤੀ ਤਾਂ ਇਹਨਾਂ ਦੀ ਬਹੁਤੀ ਨਹੀਂ, ਪਰ ਇਹ ਥੋੜ੍ਹੇ ਜਿਹੇ ਸਭ ਜੰਗਲਾਂ ਵਿਚ ਫਿਰਦੇ ਹਨ।'

'ਜੰਗਲਾਂ ਵਿਚ ਫਿਰਦੇ ਹਨ?'

'ਹਾਂ ਹਾਂ! ਜੰਗਲਾਂ ਵਿਚ। ਦਿਨੇ ਇਸ ਜੰਗਲ ਵਿਚ ਤੇ ਰਾਤ ਦੂਜੇ ਜੰਗਲ ਵਿਚ।'

'ਰਸਤਿਆਂ ਦੇ ਵਾਕਫ ਹਨ?'

'ਰਸਤੇ ਕੀ, ਜੰਗਲ ਤਾਂ ਇਹਨਾਂ ਦੇ ਘਰ ਹਨ, ਤੇ ਉਹ ਜੰਗਲ ਜਿਥੇ ਅਸੀਂ ਦਸ ਕਦਮ ਵੀ ਨਹੀਂ ਚਲ ਸਕਦੇ।'

'ਇਹ ਕਿਸ ਤਰ੍ਹਾਂ ਦੇ ਲੋਕ ਹਨ?'

'ਬਾਦਸ਼ਾਹ ਸਲਾਮਤ! ਇਹ ਤਾਂ ਕਈ ਕਈ ਦਿਨ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਬੈਠੇ ਰਹਿੰਦੇ ਹਨ।'

'ਰੋਟੀ ਨਹੀਂ ਖਾਂਦੇ?' ਨਾਦਰ ਨੇ ਪੁੱਛਿਆ।

'ਨਹੀਂ ਹਜ਼ੂਰ।' ਖਾਂ ਨੇ ਕਿਹਾ।

'ਹੈਂ, ਤੇ ਇਹ ਜਿਉਂਦੇ ਕਿਵੇਂ ਹਨ?'

'ਜੰਗਲਾਂ ਦਾ ਘਾਹ ਫੂਸ ਤੇ ਕਿੱਕਰਾਂ ਦੀਆਂ ਫਲੀਆਂ ਖਾ ਕੇ ਗੁਜ਼ਾਰਾ ਕਰਦੇ ਹਨ।' ਖਾਨ ਬਹਾਦਰ ਨੇ ਉੱਤਰ ਦਿੱਤਾ।

'ਪਰ ਇਹ ਮੇਰੇ ਕਾਬੂ ਆ ਸਕਣਗੇ? ਮੈਨੂੰ ਕੋਈ ਤੇ ਇਹਨਾਂ ਦਾ ਟਿਕਾਣਾ ਦੱਸ।'

'ਬਾਦਸ਼ਾਹ ਸਲਾਮਤ! ਕੋਈ ਟਿਕਾਣਾ ਹੋਵੇ ਤੇ ਦੱਸਾਂ! ਰਾਤ ਇਹ ਇਥੇ ਹੁੰਦੇ ਹਨ ਤਾਂ ਸਵੇਰੇ ਏਥੋਂ ੫੦ ਮੀਲ 'ਤੇ ਦੂਰ ਹੁੰਦੇ ਹਨ ਤੇ ਰਾਤ ਨੂੰ ਫਿਰ ੧੦੦ ਮੀਲ 'ਤੇ। ਅਸੀਂ ਇਹਨਾਂ ਨੂੰ ਫੜਦੇ, ਮਾਰਦੇ ਤੇ ਕਤਲ ਕਰਦੇ ਕਰਦੇ ਥੱਕ ਗਏ ਹਾਂ, ਪਰ ਇਹ ਨਹੀਂ ਕਾਬੂ ਆਉਂਦੇ। ਮਰ ਜਾਂਦੇ ਹਨ ਪਰ ਈਨ ਨਹੀਂ ਮੰਨਦੇ, ਆਪਣਾ ਹਠ ਨਹੀਂ ਛੱਡਦੇ।'

'ਕਿੰਨੇ ਕੁ ਹਨ ਇਹ?'

'ਹਜ਼ਾਰਾਂ ਦੀ ਗਿਣਤੀ ਵਿਚ। ੨੫-੩੦ ਹਜ਼ਾਰ ਤੋਂ ਵੱਧ ਨਹੀਂ।

'ਕਿੰਨੇ ਕੁ ਮਾਰੇ ਜਾ ਚੁੱਕੇ ਹਨ?'

'ਮਰਨ ਦੀ ਕੀ ਗੱਲ ਪੁੱਛਦੇ ਹੋ, ਇਹ ਤਾਂ ਮਰਦੇ ਹੀ ਚਲੇ ਆ ਰਹੇ ਹਨ, ਪਰ ਮੁੱਕਦੇ ਨਹੀਂ।

'ਕਿਉਂ?' ਨਾਦਰ ਸ਼ਾਹ ਨੇ ਹੈਰਾਨੀ ਨਾਲ ਪੁੱਛਿਆ।

'ਇਹਨਾਂ ਵਿਚ ਪਲੇ ਪਲਾਏ ਹੀ ਹੋਰ ਆ ਰਲਦੇ ਹਨ।'

'ਉਹ ਕਿੱਥੋਂ?'

'ਇਹ ਹਿੰਦੂਆਂ ਵਿਚੋਂ ਨਿਕਲੇ ਹਨ ਤੇ ਹੋਰ ਹਿੰਦੂ ਹੀ ਅੱਗੋਂ ਸਿੱਖ ਬਣਦੇ ਜਾਂਦੇ ਹਨ ਤੇ ਇਹ ਫੇਰ ਓਨੇ ਦੇ ਓਨੇ ਹੀ ਹੋ ਜਾਂਦੇ ਹਨ। ਇਹਨਾਂ ਦੇ ਗੁਰੂ ਨੇ ਇਹਨਾਂ ਨੂੰ ਇਕ ਅੰਮ੍ਰਿਤ ਦਿੱਤਾ ਹੈ।'

'ਅੰਮ੍ਰਿਤ?'

'ਹਾਂ ਅੰਮ੍ਰਿਤ! ਪਰ ਇਹ ਉਹ ਅੰਮ੍ਰਿਤ (ਆਬਿ-ਹਯਾਤ) ਨਹੀਂ ਸਗੋਂ ਇਹ ਤਾਂ ਪਾਣੀ ਵਿਚ ਪਤਾਸੇ ਘੋਲ ਕੇ ਤੇ ਉਸ ਵਿਚ ਫੇਰ ਆਪਣੇ ਗੁਰੂ ਦਾ ਕਲਾਮ (ਸ਼ਬਦ-ਬਾਣੀ) ਪੜ੍ਹਦੇ ਪੜ੍ਹਦੇ ਕਰਦ (ਖੰਡਾ) ਫੇਰਦੇ ਹਨ ਤੇ ਅੰਮ੍ਰਿਤ ਤਿਆਰ ਕਰ ਲੈਂਦੇ ਹਨ। ਇਹ ਤਿਆਰ ਕੀਤਾ ਅੰਮ੍ਰਿਤ ਫਿਰ ਇਹ ਨਵੇਂ ਸਿੰਘ ਬਣਨ ਵਾਲਿਆਂ ਨੂੰ ਪਿਲਾ ਦੇਂਦੇ ਹਨ ਤੇ ਅਸਾਂ ਤਾਂ ਇਸ ਚੀਜ਼ ਦਾ ਹੈਰਾਨਕੁਨ ਅਸਰ ਵੇਖਿਆ ਹੈ ਕਿ ਉਹ ਨਵੇਂ ਬਣੇ ਸਿੰਘ ਵੀ ਦੂਜੇ ਸਿੰਘਾਂ ਤੋਂ ਘੱਟ ਨਹੀਂ ਰਹਿੰਦੇ, ਉਹਨਾਂ ਵਾਂਗ ਹੀ ਦਲੇਰ

ਤੇ ਤਲਵਾਰ ਦੇ ਧਨੀ ਬਣੇ ਹੋਏ ਦੇਖੇ ਹਨ।'

'ਇਹ ਗੱਲ ਹੈ? ਐਸੇ ਲੋਕ ਹਨ ਇਹ?'

ਜੀ ਹਾਂ, ਇਹਨਾਂ ਲੋਕਾਂ ਨੇ ਹੀ ਤੁਹਾਡੇ ਡਰ ਨੂੰ ਨਹੀਂ ਮੰਨਿਆ ਤੇ ਤੁਹਾਡੇ 'ਤੇ ਹਮਲੇ ਕੀਤੇ ਹਨ।'

'ਦੇਖੋ, ਖਾਨ ਬਹਾਦਰ! ਤੁਸਾਂ ਫਿਰ ਐਸੇ ਬਹਾਦਰ ਲੋਕਾਂ ਨਾਲ ਵਿਗਾੜ ਕੇ ਕਿਉਂ ਰੱਖੀ ਹੋਈ ਹੈ? ਯਾਦ ਰੱਖੋ ਜੇ ਇਹ ਲੋਕ ਸੱਚਮੁਚ ਹੀ ਐਸੇ ਹਨ ਜਿਸ ਤਰ੍ਹਾਂ ਦੇ ਤੁਸਾਂ ਦੱਸੇ ਹਨ ਤਾਂ ਮੇਰੀ ਗੱਲ ਯਾਦ ਰੱਖਣੀ, ਇਹ ਲੋਕ ਇਕ ਨਾ ਇਕ ਦਿਨ ਜ਼ਰੂਰ ਹੀ ਇਸ ਦੇਸ਼ ਦੇ ਮਾਲਕ ਬਣ ਜਾਣਗੇ ਤੇ ਤੁਸੀਂ ਇਨ੍ਹਾਂ ਦੀ ਪਰਜਾ ਹੋਵੋਗੇ।'

ਐਸੀ ਬਹਾਦਰ ਕੌਮ ਨਾਲ ਵੈਰ ਪਾ ਕੇ ਤੁਸਾਂ ਕੋਈ ਦਾਨਾਈ ਨਹੀਂ ਕੀਤੀ ਹੋਈ। ਖਾਨ ਬਹਾਦਰ ਨੂੰ ਇਸ ਸਮੇਂ ਮੰਨਣਾ ਪਿਆ ਕਿ ਠੀਕ ਹੈ, ਇਹ ਅਸਾਂ ਕੋਈ ਚੰਗਾ ਕੰਮ ਤਾਂ ਨਹੀਂ ਕੀਤਾ ਹੋਇਆ, ਪਰ ਇਹ ਵੀ ਕੋਈ ਮਿੱਠੇ ਵੈਰ ਵਾਲੀ ਗੱਲ ਹੈ। ਸਮਝੌਤਾ ਕਰੀਦਾ ਹੈ, ਪਰ ਉਸ ਸਮਝੌਤੇ 'ਤੇ ਕਾਰ-ਬੰਦ ਰਿਹਾ ਨਹੀਂ ਜਾਂਦਾ। ਪੁਰਾਣਾ ਵੈਰ ਫੇਰ ਜਾਗ ਪੈਂਦਾ ਹੈ ਤੇ ਫਿਰ ਸਾਡਾ ਵਿਰੋਧ ਵਧ ਜਾਂਦਾ ਹੈ।

ਖਾਨ ਬਹਾਦਰ ਨੇ ਸ਼ੁਕਰ ਸ਼ੁਕਰ ਕਰ ਕੇ ਨਾਦਰ ਸ਼ਾਹ ਨੂੰ ਵਿਦਾ ਕੀਤਾ, ਉਸ ਨੇ ਜੋ ਵੀ ਚੀਜ਼ ਕਿਲ੍ਹੇ ਵਿਚੋਂ ਦੇਖੀ ਤੇ ਮੰਗੀ, ਉਹ ਖਾਨ ਬਹਾਦਰ ਨੇ ਬਿਨਾਂ ਹੀਲ-ਹੁਜਤ ਉਸ ਦੇ ਹਵਾਲੇ ਕਰ ਦਿੱਤੀ।

ਨਾਦਰ ਸ਼ਾਹ ਜਦ ਲਾਹੌਰ ਤੋਂ ਇਕ ਪੜਾਅ ਪਿੱਛੇ ਹੀ ਸੀ, ਤਾਂ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਦੀ ਚਿੱਠੀ ਉਸ ਮੌਲਵੀ ਨੇ ਪੁਚਾ ਦਿੱਤੀ ਸੀ। ਖਾਨ ਬਹਾਦਰ ਪੜ੍ਹ ਕੇ ਸੜ ਬਲ ਗਿਆ ਸੀ, ਪਰ ਕੀ ਕਰਦਾ? ਅਜੇ ਨਾਦਰ ਦਾ ਡੰਡਾ ਉਸ ਦੇ ਸਿਰ 'ਤੇ ਸੀ, ਇਸ ਲਈ ਚੁੱਪ ਕਰ ਗਿਆ। ਨਾਦਰ ਸ਼ਾਹ ਦੋ ਚਾਰ ਦਿਨ ਲਾਹੌਰ ਠਹਿਰ ਕੇ ਤੇ ਥਕੇਵਾਂ ਲਾਹ ਕੇ, ਜਦ ਰਵਾਨਾ ਹੋ ਗਿਆ ਤਾਂ ਹੁਣ ਫਿਰ ਖਾਨ ਬਹਾਦਰ ਨੂੰ

ਸਿੰਘਾਂ ਦੀਆਂ ਗੱਲਾਂ ਯਾਦ ਆ ਗਈਆਂ। ਉਸ ਨੂੰ ਭਾਵੇਂ ਪਤਾ ਸੀ ਕਿ ਸਿੰਘਾਂ ਮੇਰੀ ਕਿਸੇ ਗੱਲ ਨੂੰ ਨਹੀਂ ਮੰਨਣਾ, ਪਰ ਫੇਰ ਵੀ ਉਸ ਨੂੰ ਹਾਕਮ-ਪੁਣੇ ਦੀ ਆਦਤ ਪਈ ਹੋਈ ਸੀ। ਦੂਜੇ 'ਤੇ ਬਦੋ-ਬਦੀ ਉਸ ਦੀ ਗੱਲ ਨੂੰ ਅਣਸੁਣੀ ਕਰ ਕੇ, ਬਸ ਆਪਣੀ ਗੱਲ ਹੀ ਕਰੀ ਜਾਣੀ, ਇਹ ਉਸ ਦੀ ਆਦਤ ਬਣ ਚੁਕੀ ਹੋਈ ਸੀ। ਨਾਦਰ ਸ਼ਾਹ ਜਦ ਰਾਵੀ ਤੇ ਝਨਾਂ ਟੱਪ ਕੇ, ਜੇਹਲਮ ਕਿਨਾਰੇ ਜਾ ਪੁੱਜਾ, ਤਾਂ ਇਸ ਨੇ ਇਕ ਚਿੱਠੀ ਸਿੰਘਾਂ ਵੱਲ ਜੰਗਲਾਂ ਨੂੰ ਆਪਣੇ ਖਾਸ ਆਦਮੀ (ਭਾਈ ਸੁਬੇਗ ਸਿੰਘ) ਦੇ ਹੱਥ ਭੇਜੀ ਜੋ ਇਸ ਨੇ ਇਸੇ ਮਤਲਬ ਲਈ ਹੀ ਇਨ੍ਹਾਂ ਨੂੰ ਆਪਣੇ ਪਾਸ ਨੌਕਰ ਰੱਖਿਆ ਹੋਇਆ ਸੀ। (ਪਰ ਭਾਈ ਸੁਬੇਗ ਸਿੰਘ ਜੀ ਵੀ ਉਧਰੋਂ ਇਸੇ ਮਤਲਬ ਲਈ ਹੀ ਨੌਕਰ ਰਹੇ ਹੋਏ ਜਾਪਦੇ ਹਨ, ਕਿ ਦੁਸ਼ਮਨ ਦੇ ਹਰ ਭੇਤ ਨੂੰ ਸਿੰਘਾਂ ਤਕ ਪਹੁੰਚਾਣਾ ਹੈ, ਤੇ ਸਿੰਘਾਂ ਨੂੰ ਬਚਾਉਣਾ ਹੈ ਤੇ ਅਖੀਰ ਤੇ ਉਹਨਾਂ ਦੀ ਸ਼ਹੀਦੀ ਇਸ ਗੱਲ ਨੂੰ ਸਾਫ ਤੌਰ 'ਤੇ ਪ੍ਰਗਟ ਕਰਦੀ ਹੈ।)

'ਤੁਸਾਂ ਨਾਦਰ ਸ਼ਾਹ ਦਾ ਬੜਾ ਧਨ ਲੁੱਟਿਆ ਹੈ, ਜੇ ਭਲਾ ਚਾਹੁੰਦੇ ਹੋ, ਤਾਂ ਉਸ ਧਨ ਦਾ ਅੱਧ ਮੈਨੂੰ ਦੇ ਦਿਓ।'

ਸਿੰਘਾਂ ਨੇ ਚਿੱਠੀ ਪੜ੍ਹੀ ਤਾਂ ਉਹਨਾਂ ਨੂੰ ਰੋਹ ਚੜ੍ਹ ਗਿਆ। ਉਸੇ ਵੇਲੇ ਖਾਲਸੇ ਨੇ ਜਵਾਬ ਲਿਖ ਦਿੱਤਾ, 'ਓਏ ਖਾਨੂੰ! ਤੂੰ ਕੌਣ ਏਂ, ਸਾਡੇ ਕੋਲੋਂ ਧਨ ਦੀ ਮੰਗ ਕਰਨ ਵਾਲਾ? ਨਾਲੇ ਅਸੀਂ ਤੇਰੇ ਵਰਗੇ ਨਿਰੇ ਧਨ ਦੇ ਕੀੜੇ ਨਹੀਂ ਹਾਂ। ਅਸੀਂ ਗੁਰੂ ਕੇ ਸਿੰਘ ਹਾਂ। ਏਥੇ ਗੁਰੂ ਕੇ ਹੁਕਮ ਅਨੁਸਾਰ ਲੋਹ-ਲੰਗਰ ਚਲਦੇ ਰਹਿੰਦੇ ਹਨ। ਖਾਲਸੇ ਨੂੰ ਤਾਂ ਜੋ ਕੁਝ ਵੀ ਪ੍ਰਾਪਤ ਹੁੰਦਾ ਹੈ, ਉਹ ਛਕਦਾ ਤੇ ਛਕਾ ਦੇਂਦਾ ਹੈ। ਸਾਡੇ ਕੋਲ ਕੋਈ ਧਨ ਨਹੀਂ ਹੈ, ਹਾਂ, ਜੇ ਤੈਨੂੰ ਬਹੁਤ ਲੋੜ ਹੈ, ਤਾਂ ਧਨ ਨੂੰ ਛਕ ਕੇ ਅਸਾਂ ਫੋਗ ਜੰਗਲ 'ਚ ਸੁੱਟ ਦਿੱਤਾ ਹੈ। ਜੇ ਤੇਰੀ ਮਰਜ਼ੀ ਹੋਵੇ ਤਾਂ ਉਹ ਹੂੰਝ ਕੇ ਲੈ ਜਾ। ਬਾਕੀ ਹੋਰ ਕੁਝ ਜੇ ਚਾਹੁੰਨੈਂ ਤਾਂ ਉਹ ਸ਼ੇਰਾਂ ਦੀਆਂ ਦਾੜ੍ਹਾਂ ਵਿਚੋਂ

ਮਾਸ ਕੱਢਣ ਵਾਲੀ ਗੱਲ ਹੈ। ਜੇ ਚਾਹੁਨੈਂ, ਤਾਂ ਉਹ ਵੀ ਕੱਢ ਕੇ ਵੇਖ ਲੈ, ਅਸੀਂ ਹਰ ਤਰ੍ਹਾਂ ਤਿਆਰ ਹਾਂ। ਤੇਰੀਆਂ ਗਿੱਦੜ-ਭਬਕੀਆਂ ਦੇ ਅੱਗੇ ਵੀ ਤੈਨੂੰ ਮੂੰਹ-ਤੋੜ ਜਵਾਬ ਦੇਂਦੇ ਰਹੇ ਹਾਂ ਅਤੇ ਹੁਣ ਵੀ ਦਿਆਂਗੇ।'

ਸਿੰਘਾਂ ਨੇ ਇਹ ਜਵਾਬ ਦੇ ਕੇ ਭਾਈ ਸੁਬੇਗ ਸਿੰਘ ਜੀ ਨੂੰ ਜੈਕਾਰਿਆਂ ਦੀ ਗੂੰਜ ਵਿਚ ਵਿਦਾ ਕਰ ਦਿੱਤਾ।

****

੧੨.

ਖਾਨ ਬਹਾਦਰ ਮੀਰ ਮੁਨਸ਼ੀ ਪਾਸੋਂ ਭਾਈ ਬੋਤਾ ਤੇ ਗਰਜਾ ਸਿੰਘ ਜੀ ਦੀ ਤਰਨ ਤਾਰਨ ਦੇ ਮੌਲਵੀ ਰਾਹੀਂ ਪੁੱਜੀ ਚਿੱਠੀ ਦੁਬਾਰਾ ਸੁਣ ਰਿਹਾ ਸੀ ਜਿਸ ਵਿਚ ਸਿੰਘਾਂ ਲਿਖਿਆ ਸੀ–

ਚਿੱਠੀ ਸੁਨਹੋ ਖਾਨੂ ਕੋਤਾ।
ਆਨਾ ਗੱਡਾ ਪੈਸਾ ਖੋਤਾ।
ਏਹੁ ਜਗਾਤ ਲੇਤ ਸਿੰਘ ਬੋਤਾ।
ਹੱਥ ਮੇ ਰਾਖਤ ਸੋਟਾ ਮੋਟਾ।
ਤੇਰਾ ਅਕਬਤ ਕਰਹੈ ਖੋਟਾ।
ਮੇਰਾ ਕਹੀਂ ਸੁਨੇਹਾ ਜਾਇ।
ਭਾਬੀ ਖਾਨੋ ਨੂੰ ਸਮਝਾਇ।
ਤੇਰਾ ਸਿੰਘ ਯਾਰ ਜੋ ਬੋਤਾ।
ਤੈਨੂੰ ਰਿਹਾ ਉਡੀਕ ਖੜੋਤਾ।
ਆਇ ਸਰਾਂਇ ਨੂਰ ਦੀ ਪਾਸ।
ਤੂੰ ਜੋਤਾ ਲਗਵਾ ਲੈ ਖਾਸ॥

(ਪੰਥ ਪ੍ਰਕਾਸ਼, ਗਿ: ਗਿਆਨ ਸਿੰਘ ਜੀ)

ਅਜੇ ਚਿੱਠੀ ਖਤਮ ਹੋਈ ਹੀ ਸੀ ਕਿ ਭਾਈ ਸੁਬੇਗ ਸਿੰਘ ਜੀ ਵੀ

ਸਿੰਘਾਂ ਦਾ ਸੁਨੇਹਾ ਲੈ ਕੇ ਖਾਨ ਬਹਾਦਰ ਪਾਸ ਪੁੱਜ ਗਏ। ਸਿੰਘਾਂ ਦਾ ਸੁਨੇਹਾ ਤੇ ਭਾਈ ਬੋਤਾ ਸਿੰਘ ਜੀ ਦੀ ਚਿੱਠੀ ਸੁਣ ਕੇ ਸੂਬਾ ਆਪੇ ਤੋਂ ਬਾਹਰ ਹੋ ਗਿਆ। ਉਸੇ ਵੇਲੇ ਹੀ ਉਸ ਨੇ ਜਲਾਲਦੀਨ ਫੌਜਦਾਰ ਨੂੰ ਸੌ ਘੋੜ ਸਵਾਰ ਫ਼ੌਜੀ ਦੇ ਕੇ ਕਿਹਾ ਕਿ ਬੋਤਾ ਸਿੰਘ ਗਰਜਾ ਸਿੰਘ ਨੂੰ ਜੀਉਂਦਿਆਂ ਫੜ ਕੇ ਮੇਰੇ ਪਾਸ ਹਾਜ਼ਰ ਕਰੋ ਤੇ ਸਿੰਘਾਂ ਨੂੰ ਮਾਰੋ ਤੇ ਫੜਾਓ ਅਤੇ ਇਨਾਮ ਪ੍ਰਾਪਤ ਕਰੋ।'

ਉਸੇ ਵੇਲੇ ਹੀ ਹੁਕਮ ਪਾ ਕੇ ਜਲਾਲਦੀਨ ਫੌਜਦਾਰ ਲਾਹੌਰੋਂ ਤੁਰ ਪਿਆ। ਉਹ ਨੂਰ ਦੀ ਸਰਾਂ ਕੋਲ ਭਾਈ ਬੋਤਾ ਸਿੰਘ ਜੀ ਤੇ ਗਰਜਾ ਸਿੰਘ ਜੀ ਨੂੰ ਕਿਸੇ ਰਾਹੀ ਨੇ, ਜੋ ਲਾਹੌਰ ਤੋਂ ਇਹ ਖਬਰ ਸੁਣ ਕੇ ਤੁਰਿਆ ਸੀ, ਆ ਕੇ ਆਵਾਜ਼ ਦਿੱਤੀ-

'ਸਿੰਘ ਜੀ!

'ਕੀ ਗੱਲ ਹੈ, ਕੋਈ ਮਸੂਲ ਵਾਲੀ ਚੀਜ਼ ਹੈ?' ਭਾਈ ਬੋਤਾ ਸਿੰਘ ਨੇ ਪੁੱਛਿਆ।

'ਨਹੀਂ ਮੈਂ ਤਾਂ ਤੁਹਾਨੂੰ ਖਬਰ ਦੱਸਣੀ ਹੈ।'

'ਕੀ ਖਬਰ ਹੈ?' ਭਾਈ ਬੋਤਾ ਸਿੰਘ ਨੇ ਪੁੱਛਿਆ।

'ਲਾਹੌਰ ਤੋਂ ਸੂਬੇਦਾਰ ਨੇ ਸੌ ਅਸਵਾਰ ਤੁਹਾਡੇ ਫੜਨ ਲਈ ਭੇਜ ਦਿੱਤੇ ਹਨ।'

'ਹੱਛਾ!' ਸਿੰਘਾਂ ਨੂੰ ਸੁਣਦਿਆਂ ਹੀ ਸ਼ਹੀਦੀਆਂ ਦੇ ਚਾਅ ਚੜ੍ਹ ਗਏ।

'ਸਿੰਘ ਜੀ, ਮੈਂ ਤੁਹਾਨੂੰ ਇਸ ਲਈ ਦੱਸਿਆ ਹੈ ਕਿ ਬਚ ਜਾਓ, ਪਰ ਤੁਸੀਂ ਕੀ ਕਰੋਗੇ?'

'ਖਾਲਸਾ ਡਟੇਗਾ, ਹੋਰ ਕੀ?'

'ਸੌ ਅੱਗੇ ਤੁਹਾਡੀ ਦੋਹਾਂ ਦੀ ਕੀ ਪੇਸ਼ ਜਾਣੀ ਹੈ?'

'ਪਰ ਅਸਾਂ ਲੜਨਾ ਹੈ। ਸਾਨੂੰ ਲੜਾਉਣ ਵਾਲਾ ਸਾਡਾ ਗੁਰੂ ਹੈ, ਉਹ ਅੰਗ ਸੰਗ ਹੈ। ਉਹ ੧੦੦ ਹਨ ਤਾਂ ਕੀ ਹੋਇਆ? ਅਸੀਂ ਤਾਂ

ਸਵਾ ਸਵਾ ਲੱਖ ਨਾਲ ਇਕੱਲੇ ਲੜ ਕੇ ਦਿਖਾਉਣ ਵਾਲੇ ਗੁਰੂ ਦੇ ਸਿੰਘ ਹਾਂ। ਗੁਰੂ ਹੁਣ ਵੀ ਸਾਡੇ ਅੰਗ-ਸੰਗ ਹੈ. ਉਸ ਦੀ ਬਖਸ਼ੀ ਬੀਰਤਾ ਤੇ ਬਹਾਦਰੀ ਨਾਲ ਅਸੀਂ ਪੰਜ ਛੇ ਮਹੀਨੇ ਤੋਂ ਇਸ ਸੜਕ 'ਤੇ ਮਾਮਲਾ ਉਗਰਾਹ ਕੇ ਛਕ ਛਕਾ ਰਹੇ ਹਾਂ। ਅਸੀਂ ਕੇਵਲ ਦੋ ਹੀ ਨਹੀਂ, ਸਵਾ ਸਵਾ ਲੱਖ ਨਾਲ ਇਕੱਲੇ-੨ ਲੜਨ ਵਾਲੇ ਸਿੰਘ ਹਾਂ, ਤੂੰ ਘਾਬਰ ਨਾ। ਕੀ ਹੋਇਆ ਜੇ ਉਹ ਸੌ ਹਨ, ਪਰ ਅਸੀਂ ਉਹਨਾਂ ਨੂੰ ਸਵਾ ਲੱਖ ਨਾਲ ਇਕੱਲੇ ਲੜਨ ਵਾਲੇ ਦੇ ਹੱਥ ਵਿਖਾਵਾਂਗੇ। ਸਾਨੂੰ ਆਪਣੇ 'ਤੇ ਮਾਣ ਨਹੀਂ, ਪਰ ਆਪਣੇ ਗੁਰੂ ਉਤੇ ਪੂਰਾ ਪੂਰਾ ਮਾਣ ਤੇ ਭਰੋਸਾ ਹੈ, ਜਿਸ ਨੇ ਫੁਰਮਾਇਆ ਸੀ-

ਸਵਾ ਲਾਖ ਸੇ ਏਕ ਲੜਾਊਂ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ॥

ਸੋ ਗੁਰੂ ਦੀ ਆਗਿਆ ਮੰਨਣ ਵਾਲੇ, ਮੌਤ ਤੋਂ ਨਾ ਡਰਨ ਵਾਲੇ ਸਿੰਘਾਂ ਨੇ ਅੱਗੇ ਬਥੇਰੀ ਵਾਰ ਇਸ ਗੁਰੂ ਕੇ ਬਚਨ ਨੂੰ ਸਫਲਾ ਕਰ ਕੇ ਵਿਖਾਇਆ ਹੈ ਤੇ ਹੁਣ ਸਾਡੀ ਵਾਰੀ ਹੈ। ਸਾਨੂੰ ਭਰੋਸਾ ਹੈ ਕਿ ਗੁਰੂ ਸਾਡੇ ਅੰਗ ਸੰਗ ਹੈ ਫਿਰ ਫਿਕਰ ਕਿਸ ਗੱਲ ਦਾ ਹੈ ? ਆਉਣ ਦਿਓ ਦੁਸ਼ਮਣਾਂ ਨੂੰ। ਪੰਜ ਛੇ ਮਹੀਨੇ ਹੋ ਗਏ ਹਨ ਉਡੀਕਦਿਆਂ ਨੂੰ ਕਿ ਕੋਈ ਸਾਡੇ ਵੱਲ ਆਵੇ-ਤੇ ਅਖੀਰ ਖਾਨੂੰ ਨੂੰ ਚਿੱਠੀ ਲਿਖੀ ਸੀ। ਸੁਨੇਹੇ ਤਾਂ ਕਈ ਭੇਜੇ ਸਨ, ਪਰ ਪਤਾ ਨਹੀਂ ਉਸ ਨੂੰ ਪਹੁੰਚੇ ਨਹੀਂ ਜਾਂ ਕੋਈ ਹੋਰ ਗੱਲ ਸੀ ਕਿ ਉਸ ਨੇ ਸਾਨੂੰ ਫੜਨ ਲਈ ਕਿਸੇ ਨੂੰ ਭੇਜਿਆ ਹੀ ਨਹੀਂ, ਪਰ ਹੁਣ ਜਾਪਦਾ ਹੈ ਕਿ ਇਸ ਵਾਰ ਸਾਡੀ ਚਿੱਠੀ ਨੂੰ ਉਸ ਨੇ ਪੜ੍ਹ ਲਿਆ ਹੈ।'

'ਧੰਨ ਹੋ ਸਿੰਘੋ! ਇਸੇ ਸਿਦਕ ਨੇ ਹੀ ਤੁਹਾਨੂੰ ਕਾਮਯਾਬ ਕਰਨਾ ਹੈ ਤੇ ਜ਼ਾਲਮਾਂ ਦਾ ਨਾਸ ਕਰਨਾ ਹੈ।' ਇਹ ਆਖ ਕੇ ਉਹ ਰਾਹੀ ਅੱਗੇ ਨੂੰ ਤੁਰ ਗਿਆ।

ਉਧਰੋਂ ਸੂਬੇਦਾਰ ਦਾ ਭੇਜਿਆ ਹੋਇਆ ਫੌਜਦਾਰ ਜਲਾਲਦੀਨ

ਆਪਣਾ ਸੌ ਅਸਵਾਰ ਲੈ ਕੇ ਝਬਾਲ ਦੇ ਇਲਾਕੇ ਵਿਚ ਆਣ ਪੁੱਜਾ। ਇਥੋਂ ਜਦ ਉਸ ਨੇ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਬਾਰੇ ਪੁੱਛਿਆ ਤਾਂ ਕਈਆਂ ਨੇ ਦੱਸਿਆ ਕਿ ਸਿੰਘ ਤਾਂ ਦੋ ਹੀ ਹਨ, ਪਰ ਹਨ ਬੜੇ ਜ਼ਬਰਦਸਤ। ਵੀਹ-ਵੀਹ, ਪੰਝੀ-ਪੰਝੀ ਸੇਰ ਦੇ ਡੰਡੇ ਫੜੀ ਖਲੋਤੇ ਹਨ, ਉਹ ਹੀ ਉਹਨਾਂ ਕੋਲ ਵੱਡਾ ਹਥਿਆਰ ਹੈ। ਬੜੇ ਬਹਾਦਰ ਹਨ, ਪੰਜਾਂ ਦਸਾਂ ਨੂੰ ਤਾਂ ਕੁਝ ਸਮਝਦੇ ਹੀ ਨਹੀਂ। ਕਈ ਉਹਨਾਂ ਕੋਲੋਂ ਸਿਰ ਪੜਵਾ ਕੇ ਤੇ ਮਾਰ ਖਾ ਕੇ ਆਏ ਹਨ।

ਜਲਾਲਦੀਨ ਵੀ ਬੜਾ ਆਕੜ ਖਾਂ ਫੌਜਦਾਰ ਸੀ। ਕਹਿਣ ਲੱਗਾ, ਹੱਛਾ ਵੇਖਾਂਗਾ, ਮੇਰੀ ਫ਼ੌਜੀਆਂ ਅੱਗੇ ਕਿਵੇਂ ਅੜਦੇ ਹਨ ਤੇ ਨਾਲੇ ਮੈਂ ਉਹਨਾਂ ਦੀ ਇਹ ਬਹਾਦਰੀ ਵੀ ਪਰਖਣੀ ਹੈ ਤੇ ਮੇਰੇ ਨਾਲ ਐਸੇ ਸਿਪਾਹੀ ਹਨ, ਜਿਹੜੇ ਇਕੱਲੇ ਇਕੱਲੇ, ਪੰਜਾਂ-ਪੰਜਾਂ, ਦਸਾਂ-ਦਸਾਂ 'ਤੇ ਭਾਰੂ ਹੋ ਜਾਂਦੇ ਹਨ। ਏਨੇ ਤੇਗ ਦੇ ਧਨੀ ਤੇ ਲੜਾਈ ਦੇ ਮਾਹਰ ਹਨ, ਉਹਨਾਂ ਅੱਗੇ ਇਹ ਸਿੰਘ ਕੀ ਚੀਜ ਹਨ? ਮੈਂ ਤਾਂ ਉਹਨਾਂ ਨੂੰ ਜੀਉਂਦੇ ਜੀਅ ਫੜ ਕੇ ਸੂਬੇ ਦੇ ਪੇਸ਼ ਕਰਨਾ ਹੈ ਤੇ ਇਨਾਮ ਲੈਣਾ ਹੈ। ਸੂਬੇ ਨੇ ਕਿਹਾ ਹੈ ਕਿ ਜੇ ਮੈਂ ਜੀਉਂਦੇ ਸਿੰਘ ਫੜ ਕੇ ਉਸ ਦੇ ਪੇਸ਼ ਕਰਾਂ ਤਾਂ ਉਹ ਮੇਰਾ ਅਹੁਦਾ ਦੁੱਗਣਾ ਕਰ ਦੇਵੇਗਾ ਤੇ ਇਨਾਮ ਵੱਖਰਾ ਦੇਵੇਗਾ।

ਮੁਗ਼ਲ ਫੌਜਦਾਰਾਂ ਨੂੰ ਹੰਕਾਰ ਤੇ ਮਾਣ ਹੋਣਾ ਕੁਦਰਤੀ ਗੱਲ ਸੀ। ਉਹ ਜਿਥੇ ਵੀ ਜਾਂਦੇ ਸਨ ਜ਼ਬਰਦਸਤੀ ਕਰ ਕੇ ਜੋ ਕੁਝ ਵੀ ਚਾਹੁੰਦੇ ਖੋਹ ਲੈਂਦੇ ਤੇ ਖਾਂਦੇ ਪੀਂਦੇ ਸਨ। ਉਨ੍ਹਾਂ ਨੂੰ ਤਾਂ ਆਪਣੇ ਨਾਲ ਗਰਜ਼ ਹੁੰਦੀ ਸੀ। ਉਹ ਖੋਹਾ ਖੋਹੀ ਕਰਨ ਵੇਲੇ ਕਈ ਵਾਰੀ ਮੁਸਲਮਾਨ ਪਰਜਾ ਦੇ ਬੰਦਿਆਂ ਨੂੰ ਵੀ ਲੁੱਟ ਲੈਂਦੇ ਸਨ। ਹਥਿਆਰਾਂ ਨੂੰ ਵੇਖ ਕੇ ਸਭ ਡਰ ਜਾਂਦੇ ਸਨ ਤੇ ਫਿਰ ਹਥਿਆਰਾਂ ਵਾਲੇ ਬਹੁਤਿਆਂ ਦਾ ਕੋਈ ਕੀ ਵਿਗਾੜ ਸਕਦਾ ਸੀ?

ਜਲਾਲਦੀਨ ਤੇ ਫ਼ੌਜੀ ਝਬਾਲ ਤੋਂ ਦੁਪਹਿਰ ਮਗਰੋਂ ਨੂਰ ਦੀ ਸਰਾਂ

ਵੱਲ ਤੁਰ ਪਏ। ਥੋੜ੍ਹਾ ਹੀ ਫਾਸਲਾ ਸੀ, ਉਹ ਘੰਟੇ ਕੁ ਵਿਚ ਹੀ ਆਪਣੇ ਅਸਵਾਰਾਂ ਨੂੰ ਲੈ ਕੇ ਸਿੰਘਾਂ ਦੇ ਸਿਰ 'ਤੇ ਆਣ ਪੁੱਜਾ। ਸਿੰਘ ਵੀ ਉਸ ਵੇਲੇ ਪ੍ਰਸ਼ਾਦ ਪਾਣੀ ਛਕ ਕੇ ਕੁਦਰਤੀ ਸੜਕ ਤੋਂ ਜ਼ਰਾ ਲਾਂਭੇ ਹੀ ਖੜ੍ਹੇ ਸਨ। ਪਰ ਦੂਰੋਂ ਹੀ ਉਹਨਾਂ ਨੇ ਜਲਾਲਦੀਨ ਦੇ ਅਸਵਾਰਾਂ ਨੂੰ ਆਉਂਦੇ ਵੇਖ ਲਿਆ।

'ਸਿੰਘ ਜੀ, ਮੂਜ਼ੀ ਆ ਗਏ ਜੇ!' ਭਾਈ ਗਰਜਾ ਸਿੰਘ ਜੀ ਨੇ ਕਿਹਾ।

'ਫਿਰ ਖਾਲਸਾ ਜੀ ਤਿਆਰ ਬਰ ਤਿਆਰ ਹੋ ਜਾਏ!' ਭਾਈ ਬੋਤਾ ਸਿੰਘ ਜੀ ਨੇ ਹੱਸ ਕੇ ਉੱਤਰ ਦਿੱਤਾ।

ਉਸੇ ਵੇਲੇ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਜੀ ਨੇ ਆਪਣੇ ਭੂਰੇ ਲੱਕ ਨਾਲ ਤੇ ਮੋਢੇ ਤੋਂ ਇਕ ਖਾਸੇ, ਗਾਤਰੇ ਤੇ ਪੇਟੀ ਵਾਂਗ ਘੁੱਟ ਕੇ ਬੰਨ੍ਹ ਲਏ। ਉਹਨਾਂ ਵਿਚ ਹੀ ਉਹਨਾਂ, ਹੋਰ ਜਿਹੜਾ ਕੋਈ ਮਾੜਾ ਮੋਟਾ ਹਥਿਆਰ ਸੀ, ਉਹ ਵੀ ਉੜੰਗ ਲਿਆ ਤੇ ਹੱਥਾਂ ਵਿਚ ਸੋਟਾ (ਸਲੋਤਰ) ਫੜ ਕੇ ਤਿਆਰ ਬਰ ਤਿਆਰ ਹੋ ਗਏ।

ਜਲਾਲਦੀਨ ਵੀ ਨੇੜੇ ਆਉਂਦਾ ਭਾਂਪ ਗਿਆ ਕਿ ਸਿੰਘ ਅਵੇਸਲੇ ਨਹੀਂ, ਜੋ ਮੈਂ ਉਹਨਾਂ ਨੂੰ ਝੱਟ ਦਬੋਚ ਲਵਾਂਗਾ, ਉਹ ਵੀ ਸਾਨੂੰ ਵੇਖ ਕੇ ਤਿਆਰ ਹੋ ਗਏ ਹਨ, ਸਾਥੋਂ ਡਰੇ ਨਹੀਂ।

'ਓ ਸਿੰਘੋ!'

'ਕੀ ਓਏ ਤੁਰਕੜਿਆ?'

'ਤੁਹਾਨੂੰ ਕੁਝ ਸਮਝ ਕੇ ਬੋਲਣਾ ਤੇ ਗੱਲ ਕਰਨੀ ਚਾਹੀਦੀ ਹੈ। ਮੈਂ ਤੁਹਾਨੂੰ ਮਿਲਣ ਆਇਆ ਹਾਂ।'

'ਮਿਲਣ ਆਇਆ ਹੈਂ ਕਿ ਸਾਨੂੰ ਫੜਨ ਆਇਆ ਹੈਂ?'

'ਬਈ ਸਮਝਿਆ ਤਾਂ ਤੁਸਾਂ ਠੀਕ ਹੀ ਹੈ, ਪਰ ਤੁਸੀਂ ਦੋ ਜਣੇ ਹੋ, ਕਿਉਂ ਜਾਨ ਗੁਵਾਉਂਦੇ ਹੋ? ਚੁੱਪ ਕਰਕੇ ਸਾਡੇ ਨਾਲ ਚੱਲ ਪਵੋ। ਸੂਬੇਦਾਰ ਲਾਹੌਰ ਨੇ ਸਾਨੂੰ ਤੁਹਾਡੇ ਪਾਸ ਭੇਜਿਆ ਹੈ।

'ਐਨੇ ਸੁਨੇਹੇ ਤੇ ਚਿੱਠੀਆਂ ਲਿਖ ਲਿਖ ਕੇ ਅਸਾਂ ਉਸ ਨੂੰ ਖਬਰ ਭੇਜੀ ਹੈ ਤੇ ਉਸ ਨੇ ਸਾਡੇ ਦਰਸ਼ਨ ਕਰਨ ਲਈ ਤੁਹਾਨੂੰ ਭੇਜਿਆ ਹੈ. ਉਹ ਆਪ ਕਿਉਂ ਨਹੀਂ ਆਇਆ? ਉਹ ਤਾਂ ਕਹਿੰਦਾ ਸੀ ਕਿ ਸਿੰਘ ਪੰਜਾਬ ਵਿਚ ਹੈ ਹੀ ਕੋਈ ਨਹੀਂ ਤੇ ਅਸੀਂ ਇਸੇ ਵਾਸਤੇ ਤਾਂ ਸੁਨੇਹੇ ਭੇਜੇ ਸਨ ਕਿ ਆ ਕੇ ਸਾਡੇ ਦਰਸ਼ਨ ਕਰ ਲੈ!'

ਪਰ ਸਿੰਘ ਜੀ. ਜੇ ਤੁਸੀਂ ਆਪ ਹੀ ਚੱਲ ਕੇ ਹੀ ਉਸ ਨੂੰ ਦਰਸ਼ਨ ਦਿਓ ਤਾਂ ਕੀ ਹਰਜ ਹੈ?' ਜਲਾਲਦੀਨ ਨੇ ਮੁਸਕਰਾਂਦੇ ਹੋਏ ਸਿੰਘਾਂ ਨੂੰ ਟਿਚਕਰ ਕੀਤੀ।

'ਪਰ ਅਸੀਂ ਉਸ ਦੇ ਪਿਉ ਦੇ ਨੌਕਰ ਨਹੀਂ, ਗੁਰੂ ਕੇ ਖਾਲਸੇ ਹਾਂ, ਜੋ ਆਏ ਉਸ ਨੂੰ ਝਾੜਨ ਵਾਲੇ ਹਾਂ, ਇਸ ਲਈ ਸਾਨੂੰ ਜਾਣ ਦੀ ਕੀ ਲੋੜ ਹੈ। ਖਬਰਦਾਰ ਹੋ. ਖਾਲਸੇ ਨਾਲ ਵੱਧ ਘੱਟ ਗੱਲ ਕੀਤੀ ਤਾਂ ਸੂਤ ਕਰ ਦਿਆਂਗੇ!'

ਜਲਾਲਦੀਨ ਨੂੰ ਬੜਾ ਮਾਣ ਸੀ ਆਪਣੇ ਸਿਪਾਹੀਆਂ 'ਤੇ. ਬੜਾ ਫਖਰ ਸੀ ਕਿ ਜੇ ਮੈਂ ਗੁਲਾਮ ਮੁਹੰਮਦ ਇਕੱਲੇ ਆਪਣੇ ਸਿਪਾਹੀ ਨੂੰ ਇਹਨਾਂ ਵੱਲ ਭੇਜਾਂ ਤਾਂ ਉਹ ਇਕੱਲਾ ਵੀ ਇਹਨਾਂ ਦੋਹਾਂ ਨੂੰ ਰਾਹਿ-ਰਾਸਤੀ 'ਤੇ ਲਿਆ ਸਕਦਾ ਹੈ। ਇਹ ਸੋਚ ਕੇ ਫਿਰ ਉਸ ਨੇ ਕਿਹਾ-'ਫਿਰ ਤੁਹਾਡੀ ਕੀ ਸਲਾਹ ਹੈ. ਲਾਹੌਰ ਚੱਲਣਾ ਹੈ ਕਿ ਨਹੀਂ?'

'ਨਹੀਂ।'

ਪਰ ਅਸਾਂ ਤੁਹਾਨੂੰ ਲੈ ਕੇ ਜਾਣਾ ਹੈ।'

'ਆਓ ਫੇਰ ਪਹਿਲੇ ਦੋ ਹੱਥ ਕਰੋ, ਜੇ ਲਾਹੌਰ ਲਿਜਾਣਾ ਹੈ। ਫੇਰ ਵੇਖਣਾ ਤੁਸੀਂ ਸਾਨੂੰ ਲਾਹੌਰ ਲਿਜਾਂਦੇ ਹੋ ਕਿ ਅਸੀਂ ਤੁਹਾਨੂੰ ਜਮਪੁਰੀ ਵਿਚ ਭੇਜਦੇ ਹਾਂ।'

'ਗੁਲਾਮ ਮੁਹੰਮਦ!'

'ਜੀ ਜਨਾਬ!'

'ਤੂੰ ਕਹਿੰਦਾ ਸੀ ਕਿ ਮੈਂ ਇਕੱਲਾ ਹੀ ਦੋਹਾਂ ਨੂੰ ਬਥੇਰਾ ਹਾਂ।'

ਪਰ ਜੇ ਤੁਸੀਂ ਮੇਰੇ ਨਾਲ ਗੁਲਾਮ ਰਸੂਲ ਨੂੰ ਘੱਲ ਦਿਓ ਤਾਂ ਅਸੀਂ ਦੋ ਜਣੇ ਇਹਨਾਂ ਦੋਹਾਂ ਨੂੰ ਜ਼ਰੂਰ ਕਾਬੂ ਕਰ ਲਵਾਂਗੇ।'

'ਗੁਲਾਮ ਰਸੂਲ!'

'ਜੀ ਜਨਾਬ!'

'ਤੁਸੀਂ ਦੋਵੇਂ ਜਾਓ। ਵੇਖੋ ਉਹ ਵੀ ਦੋ ਹੀ ਹਨ।'

'ਬਹੁਤ ਹੱਛਾ ਜਨਾਬ!'

'ਚਲ ਬਈ ਗੁਲਾਮ ਮੁਹੰਮਦ, ਚਲ ਬਈ ਗੁਲਾਮ ਰਸੂਲ।' ਦੋਹਾਂ ਸਿਪਾਹੀਆਂ ਨੇ ਇਕ ਦੂਜੇ ਨੂੰ ਆਵਾਜ਼ਾਂ ਦਿੱਤੀਆਂ ਤੇ ਅੱਗੇ ਵਧੇ।

ਜਲਾਲਦੀਨ ਨੇ ਬੜੇ ਮਾਣ ਨਾਲ ਆਵਾਜ਼ ਦਿੱਤੀ-

'ਲੌ ਬਈ ਸਿੰਘੋ! ਮੇਰੇ ਵੱਲੋਂ ਵੀ ਦੋ ਜੁਆਨ ਆਏ ਜੇ, ਤਕੜੇ ਹੋਵੋ! ਅਸਾਂ ਤੁਹਾਨੂੰ ਜੀਊਂਦਿਆਂ ਨੂੰ ਫੜ ਕੇ ਲਾਹੌਰ ਲਿਜਾਣਾ ਹੈ ਤੇ ਜ਼ਰੂਰ ਲੈ ਜਾਣਾ ਹੈ।'

ਸਿੰਘਾਂ ਨੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ!' ਦਾ ਮਿਲਵਾਂ ਜੈਕਾਰਾ ਛੱਡਿਆ ਤੇ ਸੋਟੇ ਸੂਤ ਕੇ ਜ਼ਰਾ ਅੱਗੇ ਹੋ ਗਏ।

ਮੁਗਲ ਸਿਪਾਹੀਆਂ ਨੂੰ ਆਪਣੀ ਤਾਕਤ ਤੇ ਫੌਲਾਦੀ ਤਲਵਾਰਾਂ ਉੱਤੇ ਬੜਾ ਮਾਣ ਸੀ ਕਿ ਅਸਾਂ ਜਾਂਦੇ ਹੀ ਇਹਨਾਂ ਨੂੰ ਤਲਵਾਰਾਂ ਨਾਲ ਜ਼ਖਮੀ ਕਰ ਕੇ ਸੁੱਟ ਦੇਣਾ ਹੈ ਤੇ ਫੜ ਲੈਣਾ ਹੈ। ਇਹ ਸੋਟੇ ਤੇ ਲੱਕੜੀਆਂ ਵਾਲੇ ਸਿੰਘ ਤਾਂ ਖੀਰ ਵਾਂਗ ਹਨ, ਇਹਨਾਂ ਸਾਡੀ ਇਕ ਵੀ ਝਪਟ ਨਹੀਂ ਸਹਾਰਨੀ। ਪਰ ਉਹਨਾਂ ਦੀ ਸੋਚਣੀ ਗਲਤ ਸੀ। ਭਾਵੇਂ ਉਹ ਸਿੰਘਾਂ ਦੀ ਫੁਰਤੀ ਨੂੰ ਜਾਣਦੇ ਸਨ ਪਰ ਸੋਟੇ ਵੇਖ ਕੇ ਸ਼ੇਰ ਹੋ ਗਏ ਸਨ ਕਿ ਇਹ ਸਾਡੇ ਅੱਗੇ ਕੀ ਚੀਜ਼ ਹਨ!

ਸਿੰਘ ਤਾਂ ਸੋਟਿਆਂ ਨਾਲ ਹੀ ਪੰਜ ਛੇ ਮਹੀਨੇ ਤੋਂ ਕੰਮ ਚਲਾ ਰਹੇ ਸਨ ਤੇ ਹੁਣ ਤਕ ਉਹ ਸੋਟਿਆਂ ਨਾਲ ਵਾਰ ਰੋਕਣ ਤੇ ਮੁੜਵਾਂ ਵਾਰ

ਕਰਨ ਵਿਚ ਏਨੇ ਐਕਸਪਰਟ ਹੋ ਚੁਕੇ ਸਨ ਕਿ ਉਹ ਹਮਲਾਆਵਰ ਨੂੰ ਅੱਖ ਵੀ ਝਮਕਣ ਨਹੀਂ ਸਨ ਦੇਂਦੇ ਤੇ ਸਿਰ ਫੇਹ ਕੇ ਰੱਖ ਦਿੰਦੇ ਸਨ। ਕਈ ਇਹਨਾਂ ਕੋਲੋਂ ਲੱਤਾਂ ਬਾਹਾਂ ਤੁੜਵਾ ਕੇ ਗਏ ਸਨ ਤੇ ਇਹਨਾਂ ਨੂੰ ਯਾਦ ਕਰਦੇ ਸਨ ਕਿ ਸਿੰਘ ਟੱਕਰੇ ਸਨ, ਪਰ ਇਹ ਤਾਂ ਪਹਿਲੀ ਵਾਰੀ ਸਿੰਘਾਂ ਦੇ ਮੁਕਾਬਲੇ 'ਤੇ ਆਏ ਸਨ।

ਗੁਲਾਮ ਮੁਹੰਮਦ ਤੇ ਗੁਲਾਮ ਰਸੂਲ ਤਲਵਾਰਾਂ ਨੰਗੀਆਂ ਕਰ ਕੇ ਉਹਨਾਂ ਵੱਲ ਝਪਟੇ, ਪਰ ਸਿੰਘ ਅੱਗੋਂ ਸੋਟਿਆਂ ਨਾਲ ਹੀ ਝਪਟ ਪਏ। ਤਲਵਾਰਾਂ ਦੇ ਵਾਰ ਸੋਟਿਆਂ ਨੇ ਰੋਕੇ, ਪਰ ਚਾਰ ਪੰਜ ਇੰਚੀ ਮੋਟੇ ਤੇ ਵਜ਼ਨਦਾਰ ਸੋਟਿਆਂ ਦੀਆਂ ਇਕ ਦੋ ਟੱਕਰਾਂ ਵਿਚ ਤਾਂ ਉਹ ਭਾਵੇਂ ਬਚ ਗਈਆਂ, ਪਰ ਜਦੋਂ ਸਿੰਘਾਂ ਦੇ ਸੋਟੇ ਉਹਨਾਂ ਦੇ ਵਾਰ ਬਚਾ ਕੇ ਸਿੱਧੇ ਉਹਨਾਂ ਦੇ ਸਿਰਾਂ ਵੱਲ ਤੇਜ਼ੀ ਨਾਲ ਚੱਲੇ ਤਾਂ ਵਿਚਾਰੀਆਂ ਤਲਵਾਰਾਂ ਉਹਨਾਂ ਦੀ ਟੱਕਰ ਨੂੰ ਰੋਕਦੀਆਂ ਹੋਈਆਂ ਦੋ-ਦੋ, ਤਿੰਨ-ਤਿੰਨ ਟੁਕੜੇ ਹੋ ਗਈਆਂ। ਟੁਕੜੇ ਜ਼ਮੀਨ 'ਤੇ ਡਿੱਗ ਪਏ ਤੇ ਮੁੱਠਾਂ ਉਹਨਾਂ ਦੇ ਹੱਥਾਂ ਵਿਚ ਰਹਿ ਗਈਆਂ, ਪਰ ਸੋਟੇ ਸਿਰਾਂ ਨੂੰ ਵੱਜਣੋਂ ਨਾ ਹਟ ਸਕੇ। ਜਿਵੇਂ ਮਹੰਤ ਕ੍ਰਿਪਾਲ ਦਾਸ ਨੇ ਪਾਉਂਟੇ ਦੀ ਜੰਗ ਵਿਚ ਆਪਣੀ ਕੁਤਕ ਨਾਲ ਹਯਾਤ ਖਾਨ ਦਾ ਸਿਰ ਫੇਹ ਦਿੱਤਾ ਸੀ ਇਵੇਂ ਹੀ ਇਹਨਾਂ ਦੋਹਾਂ ਸਿਪਾਹੀਆਂ ਗੁਲਾਮ ਰਸੂਲ ਤੇ ਗੁਲਾਮ ਮੁਹੰਮਦ ਦੇ ਸਿਰ ਸਿੰਘਾਂ ਦੇ ਸੋਟਿਆਂ ਨੇ ਫੇਹ ਦਿੱਤੇ ਤੇ ਉਹ ਦੋਵੇਂ ਹੀ ਧੜੰਮ ਕਰਦੇ ਮੁਨਾਰਿਆਂ ਵਾਂਗ ਜ਼ਮੀਨ 'ਤੇ ਢਹਿ ਪਏ।

****

੧੩.

'ਓ ਅੱਲਾ ਯਾਰ, ਇਹ ਸਿੱਖ ਇਵੇਂ ਹੀ ਕਰੀ ਜਾਣਗੇ?' ਜਲਾਲਦੀਨ ਨੇ ਇਕ ਐਸੇ ਸਿਪਾਹੀ ਨੂੰ ਟੁੰਬਿਆ ਜੋ ਹਰ ਵੇਲੇ ਹੀ ਆਪਣੀ ਬਹਾਦਰੀ ਦੀਆਂ ਗੱਲਾਂ ਕਰਿਆ ਕਰਦਾ ਸੀ। ਉਹ ਕਹਿੰਦਾ ਹੁੰਦਾ ਸੀ ਕਿ ਮੈਂ ਅਣਗਿਣਤ ਸਿੰਘਾਂ ਨੂੰ ਮਾਰਿਆ ਹੈ। ਸਿੰਘ ਮੇਰੇ ਨਾਮ ਤੋਂ ਡਰਦੇ ਹਨ, ਪਰ ਹੁਣ ਉਹ ਚੁੱਪ ਸੀ ਤੇ ਅੱਗੇ ਨਹੀਂ ਸੀ ਹੋਣਾ ਚਾਹੁੰਦਾ।

'ਪਰ ਇਹ ਇਕੱਲੇ ਇਕੱਲੇ ਦੇ ਕਾਬੂ ਆਉਣ ਵਾਲੇ ਨਹੀਂ।' ਅੱਲਾ ਯਾਰ ਸਿੰਘਾਂ ਦੇ ਪਹਿਲੇ ਹੱਲੇ ਨੂੰ ਹੀ ਵੇਖ ਕੇ ਯਰਕ ਗਿਆ ਸੀ। ਪਰ ਉਸ ਦੀਆਂ ਬੜ੍ਹਕਾਂ ਤੇ ਗੱਪਾਂ ਨੇ ਉਸ ਨੂੰ ਸਿੰਘਾਂ ਨਾਲ ਲੜਾ ਕੇ ਛੱਡਣਾ ਸੀ।

'ਪਰ ਤੂੰ ਤਾਂ ਆਖਦਾ ਸੈਂ ਕਿ ਤੁਸਾਂ ਮੈਨੂੰ ਅਜੇ ਤਕ ਲੜਦੇ ਡਿੱਠਾ ਹੀ ਨਹੀਂ ਤੇ ਜੇ ਹੁਣ ਲੜਨ ਦਾ ਮੌਕਾ ਆਇਆ ਹੈ, ਤਾਂ ਆਖਦਾ ਹੈਂ, ਇਹ ਇਕੱਲੇ ਇਕੱਲੇ ਦੇ ਕਾਬੂ ਆਉਣ ਵਾਲੇ ਨਹੀਂ!'

'ਮੈਂ ਤਾਂ ਲੜਨ ਲਈ ਤਿਆਰ ਹਾਂ, ਪਰ ਮੇਰੇ ਨਾਲ ਵੀ ਕੋਈ ਮੇਰੇ ਵਰਗਾ ਲੜਾਕਾ ਹੋਵੇ।'

'ਤੂੰ ਆਪਣੇ ਵਰਗਾ ਲੈ ਜਾ, ਕਿਉਂ ਬਈ ਰਹੀਮ ਬਖਸ਼, ਠੀਕ ਹੈ ਨਾ?' ਜਲਾਲਦੀਨ ਨੇ ਇਕ ਹੋਰ ਸਿਪਾਹੀ ਰਹੀਮ ਬਖਸ਼ ਨੂੰ ਇਸ ਦੇ ਨਾਲ ਜਾਣ ਲਈ ਪ੍ਰੇਰਿਆ। ਪਰ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ

ਦੀਆਂ ਗਰਜਾਂ ਨੇ ਸਭ ਦੇ ਮੂੰਹ ਪੀਲੇ ਤੇ ਹੌਸਲੇ ਢਾਹ ਦਿੱਤੇ ਹੋਏ ਸਨ।

'ਮੈਂ ਫਿਰ ਅੱਲਾ ਯਾਰ ਦੇ ਨਾਲ ਜਾਵਾਂ?' ਰਹੀਮ ਬਖਸ਼ ਬੋਲਿਆ।

'ਠੀਕ ਹੈ, ਤੂੰ ਜਾਹ! ਦਿਖਾਓ ਆਪਣੀ ਬਹਾਦਰੀ, ਡਰਦੇ ਕਿਉਂ ਹੋ?' ਜਲਾਲਦੀਨ ਨੇ ਕਿਹਾ।

ਇਸ ਤਰ੍ਹਾਂ ਅੱਲਾ ਯਾਰ ਤੇ ਰਹੀਮ ਬਖਸ਼ ਦੋਵੇਂ, ਦੋਂਹ ਸਿੰਘਾਂ ਦੇ ਟਾਕਰੇ ਲਈ ਫਿਰ ਅੱਗੇ ਹੋਏ। ਪਰ ਇਨ੍ਹਾਂ ਨਾਲ ਵੀ ਓਹ ਗੱਲ ਹੋਈ। ਮੋਟੇ-ਮੋਟੇ ਸੋਟਿਆਂ ਨੂੰ ਭੁਆਣ ਤੇ ਉਹਨਾਂ ਦੇ ਗੁਰਜ ਵਾਂਗੂ ਵਾਰ ਕਰ ਸਕਣ ਵਾਲੇ ਸਿੰਘਾਂ ਨੇ ਇਨ੍ਹਾਂ ਨੂੰ ਵੀ ਦੋ ਚਹੁੰ ਮਿੰਟਾਂ ਵਿਚ ਹੀ ਠੰਢਿਆਂ ਕਰ ਦਿੱਤਾ। ਭਾਈ ਬੋਤਾ ਸਿੰਘ ਨੇ ਅੱਲਾ ਯਾਰ ਦੀਆਂ ਲੱਤਾਂ ਤੇ ਗੋਡਿਆਂ ਤੇ ਐਸਾ ਭਰਵਾਂ ਵਾਰ ਕੀਤਾ ਕਿ ਉਸ ਦੇ ਦੋਵੇਂ ਗੋਡੇ ਤੋੜ ਦਿੱਤੇ, ਤੇ ਡਿੱਗਦੇ ਨੂੰ ਦੋ ਚਾਰ ਹੋਰ ਸੋਟਿਆਂ ਨੇ ਝੱਟ ਹੀ ਚਿੱਤ ਕਰ ਦਿੱਤਾ। ਰਹੀਮ ਬਖਸ਼ ਨੂੰ ਭਾਈ ਗਰਜਾ ਸਿੰਘ ਨੇ ਸਾਂਭ ਲਿਆ, ਤਲਵਾਰ ਦਾ ਵਾਰ ਬਚਾ ਕੇ, ਐਸੇ ਜ਼ੋਰ ਨਾਲ ਸੋਟਾ ਮੋਢੇ 'ਤੇ ਮਾਰਿਆ ਕਿ ਉਸ ਦੀ ਤਲਵਾਰ ਵਾਲੀ ਬਾਂਹ ਹੀ ਤੋੜ ਦਿੱਤੀ, ਤੇ ਦੂਜੇ ਵਾਰ ਨੂੰ ਦੂਜੇ ਮੋਢੇ 'ਤੇ ਮਾਰ ਕੇ ਧੜੈਂਹ ਕਰਕੇ ਜ਼ਮੀਨ 'ਤੇ ਵਗਾਹ ਮਾਰਿਆ, ਤੇ ਉਸ ਨੇ ਸਿੰਘ ਦੇ ਦੋ ਸੋਟੇ ਵੀ ਹੋਰ ਨਾ ਸਹਾਰੇ, ਤੇ ਜਮਪੁਰੀ ਭੇਜ ਦਿੱਤਾ ਗਿਆ।

ਹੁਣ ਤਾਂ ਮੁਗਲ ਸਿਪਾਹੀਆਂ ਨੂੰ ਸਿੰਘ ਜਮ ਦਾ ਰੂਪ ਦਿਖਾਈ ਦੇਣ ਲੱਗੇ ਤੇ ਇਕੱਲੇ ਨਾਲ ਇਕੱਲਾ ਲੜਨ ਦੀ ਲੜਾਈ ਤੋਂ ਭੱਜ ਗਏ।

'ਲੈ ਬਈ, ਕਮਾਲ ਹੋ ਗਈ, ਕਿੰਨੇ ਬਹਾਦਰ ਸਿੰਘ ਨੇ, ਸੋਟਿਆਂ ਨਾਲ ਹੀ ਇਹਨਾਂ ਨੇ ਸਾਡੇ ਚਾਰ ਜੁਆਨ ਮਾਰ ਦਿੱਤੇ ਨੇ!' ਜਲਾਲਦੀਨ ਦੇ ਮੂੰਹੋਂ ਵੀ ਸਿੰਘਾਂ ਦੀ ਬਹਾਦਰੀ ਦੇ ਕਮਾਲ ਦੇ ਸ਼ਬਦ ਨਿਕਲ ਹੀ ਗਏ।

'ਇਹਨਾਂ ਨੇ ਏਸ ਤਰ੍ਹਾਂ ਕਾਬੂ ਨਹੀਂ ਆਉਣਾ, ਇਹਨਾਂ ਨੂੰ ਤਾਂ ਸਾਰੇ ਪੈ ਜਾਈਏ, ਤਾਂ ਕੁਝ ਬਣਨਾ ਹੈ।'

'ਠੀਕ ਹੈ, ਬਹਾਦਰੀ ਵਿਚ ਇਹਨਾਂ ਸਾਡੀ ਪੇਸ਼ ਨਹੀਂ ਜਾਣ ਦੇਣੀ,

ਪਰ ਸਾਰੇ ਵੀ ਪਏ, ਤਾਂ ਇਹਨਾਂ ਜੀਉਂਦੇ ਜੀ ਕਾਬੂ ਨਹੀਂ ਜੇ ਆਉਣਾ। ਇਹ ਲੜਾਕੇ ਸਿੰਘ ਹਨ, ਮਰ ਮਿਟਣਗੇ, ਹੱਥ ਨਹੀਂ ਆਉਣਗੇ।

'ਫੇਰ ਕੀ ਕਰੀਏ?'

'ਹੁਣ ਇਹਨਾਂ ਨੂੰ ਕਹੀਏ ਸਿੰਘੋ! ਸਾਡੇ ਪੰਜਾਂ ਨਾਲ ਲੜੋ।'

'ਤੁਸੀਂ ਪੰਜ ਜਣੇ ਲੜੋ, ਉਹਨਾਂ ਤਾਂ ਅੱਗੋਂ ਲੜਨਾ ਹੀ ਹੈ।'

'ਪਰ ਜੇ ਇਹ ਇਸ ਤਰ੍ਹਾਂ ਲੜਦੇ ਲੜਦੇ ਥੱਕ ਗਏ ਤਾਂ ਮਗਰੋਂ ਸਾਰੇ ਪੈ ਕੇ ਇਹਨਾਂ ਨੂੰ ਜੀਉਂਦੇ ਫੜ ਸਕਦੇ ਹਾਂ। ਜਲਾਲਦੀਨ ਨੇ ਆਪਣਾ ਖਿਆਲ ਦੂਜਿਆਂ ਨੂੰ ਦੱਸਿਆ।

'ਫੇਰ ਪੰਜ ਜਣੇ ਘੱਲੋ।' ਇਕ ਨੇ ਕਿਹਾ।

'ਨਿਕਲੋ ਬਈ ਹੁਣ ਪੰਜ ਜਣੇ, ਜਾਵੋ, ਕੋਸ਼ਿਸ਼ ਕਰੋ ਇਹ ਸਿੰਘ ਜੀਉਂਦੇ ਕਿਸੇ ਨਾ ਕਿਸੇ ਢੰਗ ਨਾਲ ਫੜੇ ਜਾਣ।' ਜਲਾਲਦੀਨ ਬੋਲਿਆ।

ਇਕੱਲੇ ਨਾਲ ਇਕੱਲਾ ਲੜਨ ਤੋਂ ਤਾਂ ਹੁਣ ਸਾਰੇ ਹੀ ਘਬਰਾਉਂਦੇ ਸਨ, ਪਰ ਪੰਜਾਂ ਦੀ ਗੱਲ ਸੁਣ ਕੇ ਬਹੁਤੇ ਤਿਆਰ ਹੋ ਪਏ। ਜਲਾਲਦੀਨ ਨੇ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਨੂੰ ਆਵਾਜ਼ ਦਿੱਤੀ- 'ਲੌ ਬਈ ਸਿੰਘੋ! ਗੱਲ ਇਹ ਹੈ ਕਿ ਅਸੀਂ ਫੜਨ ਆਏ ਹਾਂ ਤੁਹਾਨੂੰ, ਤੇ ਜੇ ਅਸੀਂ ਸਾਰੇ ਹਮਲਾ ਕਰੀਏ ਤਾਂ ਤੁਸੀਂ ਬਚ ਨਹੀਂ ਸਕਦੇ, ਪਰ ਅਸੀਂ ਤੁਹਾਡੇ ਨਾਲ ਬਹਾਦਰਾਂ ਵਾਲੀ ਲੜਾਈ ਪਹਿਲੋਂ ਲੜਨਾ ਚਾਹੁੰਦੇ ਹਾਂ।'

'ਆਓ ਫੇਰ ਲੜੋ, ਆਉਂਦੇ ਕਿਉਂ ਨਹੀਂ?' ਸਿੰਘ ਅੱਗੋਂ ਗਰਜੇ।

'ਪਰ ਅਸਾਂ ਦੇਖਿਆ ਹੈ ਕਿ ਤੁਸੀਂ ਬੜੇ ਬਹਾਦਰ ਹੋ। ਸੋਟੇ ਰੱਖੋ ਤੇ ਤਲਵਾਰ ਦੀ ਲੜਾਈ ਲੜੋ, ਕੁਝ ਸੁਆਦ ਵੀ ਆਵੇ।'

'ਤੁਸੀਂ ਵੀ ਸੋਟੇ ਲੈ ਆਓ, ਇਹ ਕੀ ਗੱਲ ਹੋਈ?'

'ਪਰ ਸਾਨੂੰ ਤਾਂ ਸੋਟਿਆਂ ਨਾਲ ਲੜਨ ਦੀ ਜਾਚ ਨਹੀਂ ਤੇ ਤੁਸੀਂ ਖੌਰੇ ਇਹ ਚਲਾਉਣੇ ਸਿੱਖਦੇ ਰਹੇ ਹੋ।'

'ਕੁਝ ਸਿੱਖੇ ਹਾਂ ਤਾਂ ਹੀ ਬਚੇ ਰਹੇ ਹਾਂ, ਨਹੀਂ ਤੇ ਹੁਣ ਤਕ ਤੁਹਾਡੇ

ਵਰਗੇ ਕਈ ਆਏ ਹਨ। ਸਾਨੂੰ ਮਾਰ ਜਾਂਦੇ ਜਾਂ ਫੜ ਕੇ ਨਾਲ ਲੈ ਜਾਂਦੇ।'

'ਹੱਛਾ ਨਹੀਂ ਤਾਂ ਫੇਰ ਸਾਰੇ ਪੰਜਾਂ ਨਾਲ ਲੜੋ।'

'ਭੇਜੋ ਪੰਜ, ਖਾਲਸਾ ਲੜੇਗਾ, ਡਰੇਗਾ ਨਹੀਂ।'

ਇਹ ਸੁਣ ਕੇ ਜਲਾਲਦੀਨ ਨੇ ਪੰਜਾਂ ਨੂੰ ਅੱਗੇ ਕੀਤਾ। ਸਿੰਘ ਵੀ ਤਿਆਰ ਬਰ ਤਿਆਰ ਖੜ੍ਹੇ ਸਨ। ਉਹਨਾਂ ਨੇ ਨੇੜੇ ਨੇੜੇ ਹੋ ਕੇ ਸੋਟੇ ਚੁੱਕ ਲਏ। ਪੰਜ ਅੱਗੇ ਵਧੇ ਆ ਰਹੇ ਦੁਸ਼ਮਣਾਂ ਦੀਆਂ ਤਲਵਾਰਾਂ ਨੂੰ ਦੋਹਾਂ ਸਿੰਘਾਂ ਦੇ ਸੋਟਿਆਂ ਨੇ ਰੋਕ ਲਿਆ। ਮੁਗਲ ਸਿਪਾਹੀ ਵੀ ਹੁਣ ਬਚਾ ਕੇ ਤੇ ਦਾਅ ਲਾ ਕੇ ਲੜਦੇ ਸਨ, ਸੋਟੇ ਦੀ ਮਾਰ ਤੋਂ ਬਚਦੇ ਸਨ, ਪਰ ਦੋਹ ਦੀਆਂ ਤਲਵਾਰਾਂ ਸੋਟਿਆਂ ਨਾਲ ਟੁੱਟ ਗਈਆਂ, ਉਹ ਭੱਜ ਕੇ ਹੋਰ ਤਲਵਾਰਾਂ ਲੈਣ ਗਏ ਤਾਂ ਦੂਜੇ ਕੁਝ ਸਹਿਮ ਗਏ, ਪਰ ਸਿੰਘਾਂ ਦੇ ਸੋਟਿਆਂ ਨੇ ਦੋ ਸਿਪਾਹੀਆਂ ਦੇ ਫੁਰਤੀ ਨਾਲ ਸਿਰ ਫੇਹ ਦਿੱਤੇ ਤੇ ਤੀਜੇ ਦੀ ਲੱਤ ਤੋੜ ਦਿੱਤੀ। ਹੁਣ ਜਿਹੜੇ ਦੋ ਗਏ ਸਨ, ਉਹ ਡਰਦੇ ਅੱਗੇ ਹੀ ਨਾ ਵਧਣ।

ਤਿੰਨ ਹੋਰ ਸਾਡੇ ਨਾਲ ਭੇਜੋ ਤਾਂ ਜਾਵਾਂਗੇ। ਉਹਨਾਂ ਦੋਹਾਂ ਨੇ ਜਲਾਲਦੀਨ ਤੋਂ ਮੰਗ ਕੀਤੀ।

'ਤੁਸੀਂ ਚੱਲੋ, ਮੈਂ ਪੰਜ ਹੋਰ ਸਿਪਾਹੀ ਭੇਜਦਾ ਹਾਂ।'

'ਛੇਤੀ ਭੇਜੋ ਤਾਂ ਗੱਲ ਹੈ।

'ਚੱਲੋ ਬਈ ਗੁਲਾਮ ਹੈਦਰ, ਹਦਾਇਤਉਲਾ, ਤਕੀ ਬੇਗ, ਯਾਰ ਅਲੀ ਤੇ ਯਾਰ ਜੰਗ। ਪੰਜੇ ਜਣੇ ਚੱਲੋ, ਸਿੰਘਾਂ ਨਾਲ ਲੜੋ, ਬਹਾਦਰੀ ਦਿਖਾਓ।'

ਉਹ ਜਿਹੜੇ ਦੋ ਬਚੇ ਸਨ ਉਹ ਡਰਦੇ ਡਰਦੇ ਅੱਗੇ ਵਧੇ। ਉਨ੍ਹਾਂ ਪਿੱਛੇ ਵੇਖਿਆ ਕਿ ਪੰਜ ਹੋਰ ਆ ਰਹੇ ਹਨ, ਕੁਝ ਹੌਸਲਾ ਹੋਇਆ ਪਰ ਅੱਗੇ ਅੱਗੇ ਤਾਂ ਫਿਰ ਵੀ ਉਹਨਾਂ ਨੂੰ ਹੀ ਜਾਣਾ ਪੈਣਾ ਸੀ। ਸਿੰਘ ਵੀ ਵੇਖ ਰਹੇ ਸਨ ਕਿ ਇਹ ਸੱਤ ਇਕੱਠੇ ਨਾ ਹੋ ਜਾਣ। ਜਦੋਂ ਉਹ ਦੋਵੇਂ ਅੱਗੇ ਹੋਏ ਤਾਂ ਸਿੰਘਾਂ ਨੇ ਉਨ੍ਹਾਂ ਤੇ ਦੌੜ ਕੇ ਅੱਗੋਂ ਹੀ ਐਸਾ ਵਾਰ ਕੀਤਾ

ਕਿ ਅਧਮੋਏ ਕਰ ਕੇ ਥੱਲੇ ਸੁੱਟ ਦਿੱਤੇ। ਸਿੰਘਾਂ ਨੇ ਸੱਤ ਇਕੱਠੇ ਹੋਣ ਹੀ ਨਾ ਦਿੱਤੇ।

ਹੁਣ ਉਹ ਪੰਜੇ ਬੜੇ ਗੁੱਸੇ ਨਾਲ ਜਲਾਲਦੀਨ ਦੇ ਵੰਗਾਰੇ ਹੋਏ ਅੱਗੇ ਵਧੇ। ਸਿੰਘਾਂ ਦੇ ਸਲੋਤ੍ਰੇ ਗੁਰਜਾਂ ਵਾਂਗ ਫਿਰਨ ਲੱਗੇ। ਸਿੰਘ ਜੰਗ ਦੇ ਮਾਹਰ ਸਨ। ਉਹ ਇਸ ਤਰੀਕੇ ਨਾਲ ਲੜਦੇ ਸਨ ਕਿ ਪਿੱਠ ਵਾਲੇ ਪਾਸੇ ਕਿਸੇ ਦੁਸ਼ਮਣ ਨੂੰ ਹੋਣ ਹੀ ਨਾ ਦੇਂਦੇ। ਆਪਣੀਆਂ ਪਿੱਠਾਂ ਉਹ ਇਕ ਦੂਜੇ ਵੱਲ ਰੱਖ ਕੇ ਹਮਲਾਵਰਾਂ ਨਾਲ ਚੁਤਰਫਿਓਂ ਫਿਰ ਕੇ ਵਾਰ ਰੋਕਦੇ ਤੇ ਵਾਰ ਕਰਦੇ। ਇਕ ਮੁਗਲ ਸਿਪਾਹੀ ਨੇ ਬੜੀ ਫੁਰਤੀ ਕੀਤੀ, ਉਸ ਨੇ ਵਾਰ ਕਰ ਕੇ ਭਾਈ ਬੋਤਾ ਸਿੰਘ ਜੀ ਨੂੰ ਕੁਝ ਬਾਂਹ 'ਤੇ ਜ਼ਖਮ ਲਾ ਦਿੱਤਾ। ਗਰਮ ਹੋਏ ਸਿੰਘ ਨੂੰ ਖੂਨ ਦੇ ਸਿੰਮਣ ਦੀ ਪੀੜ ਤਾਂ ਕੀ ਹੋਣੀ ਸੀ, ਪਰ ਖੂਨ ਨਿਕਲਣ ਦੀ ਲਾਲੀ ਨੇ ਸਿੰਘ ਜੀ ਨੂੰ ਲਾਲੀ ਚੜ੍ਹਾ ਦਿੱਤੀ।

ਜਬੈ ਬਾਨ ਲਾਗ੍ਯੋ।। ਤਬੈ ਰੋਸ ਜਾਗ੍ਯੋ।।

ਵਾਲੀ ਗੱਲ ਹੋਈ। ਐਸੇ ਜ਼ੋਰ ਦੀ ਸੋਟਾ ਘੁਮਾਇਆ ਕਿ ਦੋ ਇਕੱਠੇ, ਵਾਰ ਕਰ ਰਹੇ ਸਿਪਾਹੀਆਂ ਦੀਆਂ ਤਲਵਾਰਾਂ ੪-੪- ਟੁਕੜੇ ਹੋ ਕੇ ਭੁੰਜੇ ਡਿੱਗ ਪਈਆਂ ਤੇ ਮੁੱਠਾਂ ਹੀ ਹੱਥਾਂ ਵਿਚ ਰਹਿ ਗਈਆਂ। ਭਾਈ ਗਰਜਾ ਸਿੰਘ ਜੀ ਨੇ ਉਸ ਸਮੇਂ ਐਸੀ ਫੁਰਤੀ ਕੀਤੀ ਕਿ ਉਨ੍ਹਾਂ ਦੋਹਾਂ ਨੱਸਦੇ ਹੋਏ ਸਿਪਾਹੀਆਂ ਦੇ ਗੋਡੇ ਭਾੜ ਦਿੱਤੇ ਤੇ ਤਿੰਨ ਸਿਪਾਹੀ ਜੋ ਫਿਰ ਕੇ ਬੜੇ ਗੁੱਸੇ ਨਾਲ ਭਾਈ ਬੋਤਾ ਸਿੰਘ ਜੀ ਉਤੇ ਵਾਰ ਕਰ ਰਹੇ ਸਨ, ਉਨ੍ਹਾਂ ਵਿਚੋਂ ਇਕ ਸਿਪਾਹੀ ਦੇ ਲੱਕ ਵਿਚ ਸੋਟੇ ਦਾ ਭਰਪੂਰ ਵਾਰ ਕਰ ਦਿੱਤਾ। ਲੱਕ ਵਿਚ ਸੋਟਾ ਵੱਜਦੇ ਹੀ ਉਹ ਮੂਧੜੇ ਮੂੰਹ ਧੜੈਂਹ ਕਰ ਕੇ ਡਿੱਗ ਪਿਆ ਤੇ ਬਾਕੀ ਜੋ ਦੋ ਸਨ, ਉਹਨਾਂ ਵਿਚੋਂ ਇਕ ਦੇ ਸਿਰ ਵਿਚ ਸੋਟਾ ਵੱਜਾ ਤੇ ਉਹ ਵੀ ਮੁਨਾਰੇ ਵਾਂਗ ਡਿੱਗ ਪਿਆ। ਭੱਜੇ ਜਾਂਦੇ ਦੇ ਵੀ ਸਿੰਘ ਗਿੱਟਿਆਂ ਵਿਚ ਮਾਰ ਕੇ ਉਸ ਨੂੰ ਸੁੱਟ ਦੇਂਦੇ ਸਨ ਤੇ ਡਿੱਗੇ ਪਿਆਂ ਨੂੰ ਤਾਂ ਇਕ-੨

ਸੋਟਾ ਹੀ ਜਮ ਦੇ ਘਰ ਪੁਚਾਈ ਜਾਂਦਾ ਸੀ। ਪਲੇ ਹੋਏ ਮੁਗਲ ਸਿਪਾਹੀਆਂ ਦੇ ਖ਼ੂਨ ਨੇ ਮਿੱਟੀ ਨੂੰ ਚਿੱਕੜ ਬਣਾ ਦਿੱਤਾ।

ਜਲਾਲਦੀਨ ਨੇ ਵੇਖਿਆ ਕਿ ਉਸ ਦੇ ੧੪ ਸਿਪਾਹੀ ਮਾਰੇ ਗਏ ਹਨ, ਪਰ ਸਿੰਘਾਂ ਨੂੰ ਮਾਮੂਲੀ ਝਰੀਟਾਂ ਆਈਆਂ ਹਨ ਤੇ ਐਉਂ ਖ਼ੁਸ਼ੀ ਵਿਚ ਮਖ਼ਮੂਰ ਹੋ ਕੇ ਜੈਕਾਰੇ ਛੱਡ ਰਹੇ ਹਨ, ਜਿਵੇਂ ਉਨ੍ਹਾਂ ਨੂੰ ਕੋਈ ਖ਼ਜ਼ਾਨਾ ਲੱਭ ਪਿਆ ਹੈ। ਮੌਤ ਦਾ ਡਰ ਉਹਨਾਂ ਦੇ ਨੇੜੇ ਹੀ ਨਹੀਂ ਸੀ।

ਜਲਾਲਦੀਨ ਆਪਣੇ ਸਿਪਾਹੀਆਂ ਨੂੰ ਕਹਿਣ ਲੱਗਾ- 'ਓ ਵੇਖੋ ਬਸ ਸਾਡੇ ਤੇ ਇਨ੍ਹਾਂ ਵਿਚ ਇਹੋ ਹੀ ਫਰਕ ਹੈ। ਇਨ੍ਹਾਂ ਸਿੰਘਾਂ ਨੂੰ ਮੌਤ ਤੋਂ ਕੋਈ ਡਰ ਹੀ ਨਹੀਂ ਲੱਗ ਰਿਹਾ, ਨਾ ਇਹ ਸਾਡੇ ਆਉਣ 'ਤੇ ਘਬਰਾਏ ਹਨ।'

'ਘਬਰਾਉਣ ਕਿਸ ਤਰ੍ਹਾਂ, ਇਹਨਾਂ ਨੇ ਆਪ ਤਾਂ ਸੂਬੇਦਾਰ ਨੂੰ ਚਿੱਠੀ ਲਿਖ ਕੇ ਸਾਨੂੰ ਬੁਲਾਇਆ ਹੈ।'

'ਫਿਰ ਸਾਰੇ ਪੈ ਜਾਈਏ?'

'ਨਹੀਂ, ੧੦ ਸਿਪਾਹੀ ਹੁਣ ਅੱਗੇ ਵਧੋ।' ਜਲਾਲਦੀਨ ਬੋਲਿਆ।

੧੦ ਸਿਪਾਹੀ ਨਿਕਲੇ ਤੇ ਐਲੀ ਐਲੀ ਕਰਕੇ ਸਿੰਘਾਂ ਵੱਲ ਗਏ। ਸਿੰਘ ਖ਼ੂਨ ਨਾਲ ਚਿਪ ਚਿਪ ਕਰ ਰਹੀ ਧਰਤੀ ਤੋਂ ਜ਼ਰਾ ਪਰ੍ਹੇ ਹੋ ਗਏ। ਉਹਨਾਂ ਇਕ ਟਾਹਲੀ ਨੂੰ ਕੰਧ ਵਾਂਗ ਵਰਤਣ ਦਾ ਖ਼ਿਆਲ ਬਣਾ ਲਿਆ, ਜੋ ਭਾਵੇਂ ਬਹੁਤੀ ਵੱਡੀ ਤਾ ਨਹੀਂ ਸੀ ਪਰ ਏਨਾ ਸੀ ਕਿ ਟਾਹਲੀ ਪਿੱਛੇ ਹੋ ਕੇ ਕੋਈ ਵਾਰ ਨਹੀਂ ਸੀ ਕਰ ਸਕਦਾ।

ਹੁਣ ਦਸਾਂ ਨਾਲ ਦੋ ਸਿੰਘਾਂ ਦੀ ਲੜਾਈ ਸੀ। ਇਕ ਦੋ ਬਰਛੇ ਲੈ ਕੇ ਗਏ ਸਨ ਜੋ ਸਿੰਘਾ 'ਤੇ ਦੂਰੋਂ ਹੀ ਵਾਰ ਕਰ ਕੇ ਸਿੰਘਾਂ ਨੂੰ ਨੇਜ਼ੇ ਵਿਚ ਪਰੋ ਲੈਣਾ ਚਾਹੁੰਦੇ ਸਨ। ਪਰ ਫੁਰਤੀਲੇ ਸਿੰਘਾਂ ਨੇ ਭਾਰੇ ਭਾਰੇ ਸੋਟਿਆਂ ਨਾਲ ਪਹਿਲਾਂ ਸੋਟਿਆਂ 'ਤੇ ਉਹਨਾਂ ਦੇ ਵਾਰ ਰੋਕੇ ਤੇ ਫਿਰ ਐਸੇ ਵਾਰ ਉਹਨਾਂ 'ਤੇ ਹੀ ਕੀਤੇ ਕਿ ਬਰਛਿਆਂ ਦੀਆਂ ਡਾਂਗਾਂ ਉਹਨਾਂ ਦੇ ਹੱਥਾਂ ਨੂੰ ਤੋੜ ਕੇ ਧਰਤੀ 'ਤੇ ਆਣ ਪਈਆਂ। ਫੁਰਤੀਲੇ ਸਿੰਘਾਂ ਨੇ ਝੱਟ ਹੀ ਬਰਛੇ ਚੁੱਕੇ ਤੇ

ਬਹੁਤਾ ਨੇੜੇ ਨੇੜੇ ਆਉਣ ਦੀ ਕੋਸ਼ਿਸ਼ ਕਰਨ ਵਾਲੇ ਤਿੰਨ ਚਾਰ ਸਿਪਾਹੀਆਂ ਨੂੰ ਉਹਨਾਂ ਦੇ ਬਰਛਿਆਂ ਨਾਲ ਹੀ ਪਰੋ ਕੇ ਰੱਖ ਦਿੱਤਾ।

'ਇਹ ਤਾਂ ਸਾਡੇ ਹੀ ਹਥਿਆਰ ਸਾਡੇ 'ਤੇ ਵਰਤ ਗਏ!' ਜਲਾਲਦੀਨ ਚੀਕਿਆ।

ਆਪਣੇ ਕੁਝ ਸਾਥੀਆਂ ਨੂੰ ਆਪਣੇ ਹਥਿਆਰਾਂ ਨਾਲ ਹੀ ਮਰੇ ਵੇਖ ਕੇ ਬਾਕੀ ਦੇ ਘਬਰਾ ਗਏ, ਪਰ ਪਿੱਛੇ ਵੀ ਨਾ ਹਟੇ। ਹੁਣ ਸਿੰਘਾਂ ਕੋਲ ਬਰਛੇ ਹੋ ਗਏ ਸਨ, ਜਿਸ ਦੀ ਮਦਦ ਨਾਲ ਇਹ ਦਸੇ ਸਿਪਾਹੀ ਹੀ ਕੁਝ ਚਿਰ ਵਿਚ ਉਹਨਾਂ ਝਟਕਾ ਸੁੱਟੇ।

'ਹੁਣ ਸਾਰੇ ਹੀ ਪੈ ਜਾਓ, ਨਹੀਂ ਤੇ ਪੰਜਾਂ-ਪੰਜਾਂ ਤੇ ਦਸਾਂ-ਦਸਾਂ ਨਾਲ ਲੜ ਕੇ ਸਿੰਘਾਂ ਨੇ ਸਾਨੂੰ ਸਾਰਿਆਂ ਨੂੰ ਮਾਰ ਲੈਣਾ ਹੈ।' ਜਲਾਲਦੀਨ ਨੇ ਵੀ ਅਖੀਰ ਘਬਰਾ ਕੇ ਕਿਹਾ।

'ਦੇਖੋ ਸਾਡੇ ਚਾਰ ਪੰਜ ਜ਼ਖਮੀ ਕਿਵੇਂ ਕੁਰਲਾ ਰਹੇ ਹਨ, ਪਰ ਅਸੀਂ ਉਹਨਾਂ ਨੂੰ ਉਥੋਂ ਲਿਆ ਨਹੀਂ ਸਕਦੇ, ਜਦ ਤਕ ਕਿ ਇਹਨਾਂ ਸਿੰਘਾਂ ਨੂੰ ਮਾਰਿਆ ਜਾਂ ਫੜ ਨਾ ਲਿਆ ਜਾਵੇ।' ਕੋਲੋਂ ਇਕ ਸਿਪਾਹੀ ਨੇ ਕਿਹਾ।

'ਤੁਹਾਡਾ ਖਿਆਲ ਠੀਕ ਹੈ ਹੁਣ ਸਾਰੇ ਪੈ ਜਾਈਏ, ਨਾਲ ਹੁਣ ਇਹਨਾਂ ਨੂੰ ਲੜਦਿਆਂ ਨੂੰ ਪਹਿਰ ਦਾ ਸਮਾਂ ਹੋ ਗਿਆ ਹੈ। ਥੱਕ ਵੀ ਗਏ ਹੋਣਗੇ। ਦੂਜਾ, ਸੰਧਿਆ ਪੈ ਗਈ ਹੈ ਤਾਂ ਫਿਰ ਕੀ ਪਤਾ, ਇਹ ਜੰਗਲ ਵਿਚ ਨੱਸ ਜਾਣ। ਇਸ ਲਈ ਛੇਤੀ ਕਰੋ, ਹੁਣ ਸਭ ਨੂੰ ਹਮਲੇ ਦਾ ਹੁਕਮ ਦੇ ਦਿਓ।' ਇਕ ਹੋਰ ਸਿਪਾਹੀ ਨੇ ਕਿਹਾ।

ਜਲਾਲਦੀਨ ਦੀ ਆਪਣੀ ਸਲਾਹ ਵੀ ਸੀ, ਤੇ ਹੁਣ ਸਿਪਾਹੀ ਵੀ ਚਾਹੁੰਦੇ ਸਨ, ਤਾਂ ਝੱਟ ਹੀ ਬਾਕੀ ਦੇ ਸੱਤਰ-ਅੱਸੀ ਸਿਪਾਹੀਆਂ ਨੇ ਦੋਹਾਂ ਸਿੰਘਾਂ 'ਤੇ ਇਕੱਠਿਆਂ ਹਮਲਾ ਕਰ ਦਿੱਤਾ। ਸਿੰਘ ਵੀ ਜਾਣਦੇ ਸਨ ਕਿ ਅਖੀਰ ਇਹੋ ਕੁਝ ਹੋਣਾ ਹੈ।

ਸੋ ਹੁਣ ਦੁਸ਼ਮਣਾਂ ਨੇ 'ਯਾ ਐਲੀ', 'ਯਾ ਐਲੀ' ਦੇ ਨਾਹਰੇ ਲਾਏ ਤੇ

ਅੱਗੇ ਵਧੇ ਤਾਂ ਗੁਰੂ ਕੇ ਸਿੰਘਾਂ ਨੇ ਵੀ ਅਕਾਲ 'ਅਕਾਲ' ਦੇ ਜੈਕਾਰੇ ਛੱਡੇ। ਦੋਵੇਂ ਸਿੰਘ ਹੁਣ ਕਿੱਕਰ ਵਾਲੇ ਆਸਰੇ ਨੂੰ ਛੱਡ ਕੇ ਲਾਂਭੇ ਹੋ ਕੇ, ਪਿੱਠ ਨਾਲ ਪਿੱਠ ਜੋੜ ਕੇ, ਸੋਟੇ ਤੇ ਦੋ ਬਰਛਿਆਂ ਨਾਲ ਤਿਆਰ-ਬਰ ਤਿਆਰ ਹੋ ਗਏ। ਸਿੰਘਾਂ ਨੂੰ ਭਾਵੇਂ ਇਹ ਕਿੰਨਾ ਹੀ ਜ਼ੋਰ ਲਾ ਕੇ ਪਏ, ਪਰ ਫਿਰ ਵੀ ਸਿੰਘਾਂ ਨੇ ਚੁਤਰਫਿਓਂ ਫਿਰ ਫਿਰ ਕੇ ਵਾਰ ਰੋਕੇ ਤੇ ਪੰਜ ਦਸ ਹੋਰ ਵੈਰੀ ਮਾਰੇ ਤੇ ਜ਼ਖਮੀ ਕਰ ਦਿੱਤੇ। ਏਨੇ ਬਰਛੇ ਅਤੇ ਤਲਵਾਰਾਂ ਉਹਨਾਂ ਤੇ ਵਾਰ ਕਰ ਰਹੀਆਂ ਸਨ ਕਿ ਸਾਰੇ ਵਾਰਾਂ ਨੂੰ ਰੋਕਣਾ ਅਸੰਭਵ ਗੱਲ ਸੀ। ਹੁਣ ਸਿੰਘ ਜ਼ਖਮੀ ਹੋ ਗਏ ਸਨ।

ਦੋਹਾਂ ਸਿੰਘਾਂ ਦੇ ਸਰੀਰ ਜ਼ਖਮਾਂ ਨਾਲ ਨਿਢਾਲ ਹੋ ਚੁਕੇ ਸਨ। ਦੋਹਾਂ ਦੇ ਸਰੀਰਾਂ ਵਿਚੋਂ ਲਹੂ ਦੇ ਫੁਹਾਰੇ ਫੁੱਟਦੇ ਪਏ ਸਨ ਪਰੰਤੂ ਉਹਨਾਂ ਦੇ ਹੌਂਸਲੇ ਵਿਚ ਰੰਚਕ ਮਾਤਰ ਭੀ ਫਰਕ ਨਹੀਂ ਸੀ ਪਿਆ। ਲਹੂ ਵਹਿ ਜਾਣ ਤੇ ਭੀ ਉਹਨਾਂ ਦੇ ਚਿਹਰਿਆਂ ਤੇ ਲਾਲੀ ਬਦਸਤੂਰ ਭਖਦੀ ਪਈ ਸੀ ਤੇ ਅੱਖਾਂ ਵਿਚ ਬੀਰਤਾ ਦੇ ਡੋਰੇ ਉਭਰੇ ਹੋਏ ਤੇ ਭਵਾਂ ਤਣੀਆਂ ਹੋਈਆਂ ਸਨ।

ਜਲਾਲਦੀਨ ਦੂਰ ਖੜ੍ਹਾ ਆਪਣੇ ਮਰ ਰਹੇ ਸਿਪਾਹੀਆਂ ਦੀ ਮੌਤ ਦਾ ਤਮਾਸ਼ਾ ਦੇਖ ਰਿਹਾ ਸੀ। ਉਹ ਆਪ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਚੁਕਿਆ ਸੀ ਤੇ ਉਹਦੇ ਵਿਚ ਇਹਨਾਂ ਮੌਤ ਦੇ ਵਣਜਾਰਿਆਂ ਦੋਹਾਂ ਸਿੱਖਾਂ ਨਾਲ ਅੱਗੇ ਹੋ ਕੇ ਟੱਕਰ ਲੈਣ ਦੀ ਉੱਕੀ ਹੀ ਕੋਈ ਹਿੰਮਤ ਨਹੀਂ ਸੀ ਰਹਿ ਗਈ। ਉਸ ਨੇ ਦੂਰੋਂ ਹੀ ਆਪਣੇ ਸਿਪਾਹੀਆਂ ਨੂੰ ਲਲਕਾਰਿਆ-

'ਮਾਰੋ ਇਹਨਾਂ ਸਿੱਖਾਂ ਨੂੰ, ਗਿਣਤੀ ਵਿਚ ਤੁਸੀਂ ਇਤਨੇ ਵਧੇਰੇ ਹੋ ਕੇ ਵੀ ਇਹਨਾਂ ਤੋਂ ਮਾਰ ਕਿਉਂ ਖਾਂਦੇ ਜਾ ਰਹੇ ਹੋ?'

'ਉਏ ਜਲਾਲਿਆ! ਜੇ ਹਿੰਮਤ ਹੈ ਤਾਂ ਆਪ ਅੱਗੇ ਆ ਕੇ ਦੋ ਹੱਥ ਕਰ।' ਬੋਤਾ ਸਿੰਘ ਨੇ ਇਕ ਸਿਪਾਹੀ ਤੋਂ ਖੋਹੀ ਹੋਈ ਤਲਵਾਰ ਨੂੰ ਹਵਾ ਵਿਚ ਉਛਾਲਦੇ ਹੋਏ ਲਲਕਾਰਾ ਮਾਰਿਆ ਅਤੇ ਉਹਦੀ ਤਲਵਾਰ ਉੱਪਰੋਂ

ਹੇਠਾਂ ਆਉਂਦੀ ਇਕ ਤੁਰਕ ਸਿਪਾਹੀ ਦਾ ਸਿਰ ਕਲਮ ਕਰ ਕੇ ਹੇਠਾਂ ਸੁੱਟ ਗਈ। ਭਾਈ ਗਰਜਾ ਸਿੰਘ ਇਸ ਸਮੇਂ ਕੋਈ ਵੀਹਾਂ ਸਿਪਾਹੀਆਂ ਦੇ ਘੇਰੇ ਵਿਚ ਸੀ ਤੇ ਉਹਨਾਂ ਦੇ ਨੇਜ਼ੇ ਉਸ ਦੇ ਸਰੀਰ ਦੇ ਵੱਖ-ਵੱਖ ਹਿੱਸਿਆਂ ਦੇ ਅੰਦਰ ਖੁਭ ਚੁੱਕੇ ਸਨ। ਭਾਈ ਖੇੜਾ ਸਿੰਘ ਜੀ ਤਲਵਾਰ ਘੁਮਾਉਂਦਾ ਹੋਇਆ ਉਹਦੇ ਵੱਲ ਵਧਿਆ, ਪਰੰਤੂ ਇਸ ਤੋਂ ਪਹਿਲਾਂ ਕਿ ਉਹ ਉਹਦੇ ਤਕ ਪੁੱਜਦਾ, ਦੋਹਾਂ ਪਾਸਿਆਂ ਤੋਂ ਦੋ ਨੇਜ਼ੇ ਉਸ ਦੀਆਂ ਵੱਖੀਆਂ ਵਿਚ ਵੱਜ ਕੇ ਉਸ ਦੇ ਢਿੱਡ ਅੰਦਰ ਇਕ ਦੂਜੇ ਨਾਲ ਜਾ ਮਿਲੇ। ਦੋਵੇਂ ਸੂਰਮਿਆਂ ਇਕੱਠੇ ਹੀ ਬੀਰ-ਗਤੀ ਦੀ ਪ੍ਰਾਪਤੀ ਕਰ ਕੇ ਸ਼ਹੀਦੀ ਪਾਈ।

ਉਹਨਾਂ ਦੇ ਧਰਤੀ 'ਤੇ ਢਹਿੰਦੇ ਹੀ ਜਲਾਲਦੀਨ ਆਪਣੀ ਫ਼ੌਜ ਨੂੰ ਨਾਲ ਲੈ ਕੇ ਫਤਹ ਦੇ ਨਗਾਰੇ ਵਜਾਉਂਦਾ ਹੋਇਆ ਲਾਹੌਰ ਨੂੰ ਦੌੜ ਗਿਆ। ਦਿਲ ਹੀ ਦਿਲ ਵਿਚ ਆਖ ਰਿਹਾ ਸੀ-'ਜਾਨ ਬਚੀ ਲਾਖੋਂ ਪਾਏ।'

ਦੋਹਾਂ ਸ਼ਹੀਦਾਂ ਦੇ ਚਿਹਰਿਆਂ 'ਤੇ ਇਸ ਸਮੇਂ ਵੀ ਖੇੜਾ ਸੀ। ਇਉਂ ਜਾਪਦਾ ਸੀ ਜਿਵੇਂ ਸੂਰਮੇ ਮੁਸਕਰਾਉਂਦੇ ਹੋਏ ਸੁੱਤੇ ਪਏ ਹੋਣ। ਇਸ ਸਮੇਂ ਜੰਗਲ ਵਿਚ ਮੰਗਲ ਦੇ ਨਜ਼ਾਰੇ ਬੱਝਦੇ ਹੋਏ ਨਜ਼ਰ ਆਏ। 'ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ', 'ਧੰਨ ਗੁਰੂ ਗੋਬਿੰਦ ਸਿੰਘ ਜੀ' ਦੀ ਧੁਨੀ ਉਚਰਦੀ ਹੋਈ ਸਿੰਘ ਸ਼ਹੀਦਾਂ ਦੀ ਫ਼ੌਜ ਉਤਰੀ। ਉਸ ਨੇ ਇਹਨਾਂ ਸ਼ਹੀਦਾਂ ਦੀਆਂ ਦੇਹਾਂ ਦਾ ਸਸਕਾਰ ਕੀਤਾ ਤੇ ਦੋਹਾਂ ਦੀਆਂ ਆਤਮਾਵਾਂ ਨੂੰ ਨਾਲ ਲੈ ਕੇ 'ਸਤਿਨਾਮ ਵਾਹਿਗੁਰੂ' ਦਾ ਉਚਾਰਨ ਕਰਦੇ ਹੋਏ ਗੁਰਪੁਰੀ ਵੱਲ ਵਾਪਸ ਚਲੇ ਗਏ।

ਧੰਨ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਧੰਨ ਉਨ੍ਹਾਂ ਦੇ ਸਿੱਖ। ਬੋਲੋ ਜੀ ਵਾਹਿਗੁਰੂ।

****

ISBN 81-7601-364-1
9 788176 013642 >